# ਸੰਵਾਦ

ISSN : 2395-1273

www.sanvad.org

21 ਵਾਂ ਅੰਕ
ਜਨਵਰੀ-ਜੂਨ 2025



Refugee Women (S.L. Prashar) Partition Museum

ESTD. 1892

ਪੰਜਾਬੀ ਅਧਿਐਨ ਵਿਭਾਗ

ਖ਼ਾਲਸਾ ਕਾਲਜ ਅੰਮ੍ਰਿਤਸਰ

ਛਿਮਾਹੀ ਖੋਜ ਰਸਾਲਾ
ਜਨਵਰੀ-ਜੂਨ 2025
ਅੰਕ-21ਵਾਂ

ISSN : 2395-1273

# ਸੰਵਾਦ

ਪੰਜਾਬੀ ਰੈਫ਼ਰੀਡ ਰਿਸਰਚ ਜਰਨਲ

*A Peer Reviewed Punjabi Research Journal*

ਯੂ.ਜੀ.ਸੀ. ਦੀ 'ਅਕਾਦਮਿਕ ਅਤੇ ਖੋਜ ਨੈਤਿਕਤਾ ਸੰਸਥਾ' ਵੱਲੋਂ ਪ੍ਰਵਾਨਿਤ



**ਸਰਪ੍ਰਸਤ**

ਡਾ. ਅਰਵਿੰਦਰ ਕੌਰ ਕਾਹਲੋਂ
ਪ੍ਰਿੰਸੀਪਲ (ਕਾਰਜਕਾਰੀ)
ਖ਼ਾਲਸਾ ਕਾਲਜ ਅੰਮ੍ਰਿਤਸਰ

**ਮੁੱਖ ਸੰਪਾਦਕ**

ਡਾ. ਆਤਮ ਸਿੰਘ ਰੰਧਾਵਾ

ESTD. 1892

ਪੋਸਟ ਗ੍ਰੈਜੂਏਟ ਪੰਜਾਬੀ ਅਧਿਐਨ ਵਿਭਾਗ
**ਖ਼ਾਲਸਾ ਕਾਲਜ ਅੰਮ੍ਰਿਤਸਰ-143002**

# Sanvad

## (Dialogic)

## PUNJABI REFEREED RESEARCH JOURNAL

Bi- Annual

A Peer Reviewed Punjabi Research Journal of the Post-Graduate Department of Punjabi Studies, Khalsa College, Amritsar.

**(UGC-CARE APPROVED JOURNAL)**

Email : sanvadpunjabi@gmail.com, www.sanvad.org

**Patron :** *Dr. A. K. Kahlon* **+91 98724-56833**

**Chief Editor:** *Dr. Atam Singh Randhawa* **+91 98722-17273**

**ISSN : 2395-1273** | **January-June 2025**



**ਸਲਾਹਕਾਰ ਬੋਰਡ**

**ਡਾ. ਮਹਿਲ ਸਿੰਘ**

ਵਾਈਸ ਚਾਂਸਲਰ, ਖ਼ਾਲਸਾ ਯੂਨੀਵਰਸਿਟੀ, ਅੰਮ੍ਰਿਤਸਰ

**ਪ੍ਰੋ. (ਡਾ.) ਰਮਿੰਦਰ ਕੌਰ, ਸਾਬਕਾ ਮੁਖੀ**

ਪੰਜਾਬੀ ਅਧਿਐਨ ਸਕੂਲ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ

**ਪ੍ਰੋ. (ਡਾ.) ਸੁਰਜੀਤ ਸਿੰਘ**

ਪੰਜਾਬੀ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ

**ਪ੍ਰੋ. (ਡਾ.) ਯੋਗਰਾਜ ਅੰਗਰਿਸ਼, ਮੁਖੀ**

ਪੰਜਾਬੀ ਵਿਭਾਗ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ

**ਪ੍ਰੋ. (ਡਾ.) ਰਵੀ ਰਵਿੰਦਰ**

ਪੰਜਾਬੀ ਵਿਭਾਗ, ਦਿੱਲੀ ਯੂਨੀਵਰਸਿਟੀ, ਦਿੱਲੀ

**ਪ੍ਰੋ. (ਡਾ.) ਕੁਲਵੀਰ ਗੋਜਰਾ, ਮੁਖੀ**

ਪੰਜਾਬੀ ਵਿਭਾਗ, ਦਿੱਲੀ ਯੂਨੀਵਰਸਿਟੀ, ਦਿੱਲੀ

**ਪ੍ਰੋ. (ਡਾ.) ਗੁਰਮੁਖ ਸਿੰਘ, ਮੁਖੀ**

ਪੰਜਾਬੀ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ

**ਡਾ. ਕੁਲਵੰਤ ਸਿੰਘ, ਸਾਬਕਾ ਪ੍ਰੋਫ਼ੈਸਰ**

ਲਾਇਲਪੁਰ ਖ਼ਾਲਸਾ ਕਾਲਜ, ਜਲੰਧਰ

ਅਕਾਦਮਿਕ ਸਹਿਯੋਗ : ਸਮੂਹ ਸਟਾਫ਼ ਪੰਜਾਬੀ ਅਧਿਐਨ ਵਿਭਾਗ, ਖ਼ਾਲਸਾ ਕਾਲਜ, ਅੰਮ੍ਰਿਤਸਰ


**ਨੋਟ: ਲੇਖਕ ਆਪਣੇ ਵਿਚਾਰਾਂ ਲਈ ਖ਼ੁਦ ਜ਼ਿੰਮੇਵਾਰ ਹੈ।**


**ਚੰਦਾ ਭੇਜਣ ਤੇ ਮਿਲਣ ਦਾ ਪਤਾ**

**ਪ੍ਰਿੰਸੀਪਲ**

**ਖ਼ਾਲਸਾ ਕਾਲਜ, ਅੰਮ੍ਰਿਤਸਰ**

khalsacollegeamritsar@yahoo.com

www.khalsacollege.edu.in

**ਚੰਦਾ**

| | |
|---|---|
| **ਜੀਵਨ ਮੈਂਬਰ** | : ₹ 3000 |
| **ਪੰਜ ਸਾਲਾ** | : ₹ 1800 |
| **ਇਹ ਅੰਕ** | : ₹ 200 |

Online Payment: **A/c : 3397000100467796 IFSC : PUNB0339700**

Punjab National Bank Kot Khalsa, Amritsar



**© Principal, Khalsa College Amritsar**



**'ਸੰਵਾਦ'** ਪੰਜਾਬੀ ਰਿਸਰਚ ਜਰਨਲ, ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਪੋਸਟ ਗ੍ਰੈਜੂਏਟ ਪੰਜਾਬੀ ਅਧਿਐਨ ਵਿਭਾਗ ਵੱਲੋਂ ਪ੍ਰਿੰਟਵੈੱਲ, 146, ਇੰਡਸਟ੍ਰੀਅਲ ਫ਼ੋਕਲ ਪੁਆਇੰਟ, ਅੰਮ੍ਰਿਤਸਰ ਤੋਂ ਛਪਵਾ ਕੇ ਪ੍ਰਕਾਸ਼ਿਤ ਕੀਤਾ ।

# ਸੰਵਾਦ

**ਪੰਜਾਬੀ ਰੈਫ਼ਰੀਡ ਖੋਜ ਰਸਾਲਾ**

**ਛਿਮਾਹੀ**

**ਸਾਲ - 11ਵਾਂ, ਅੰਕ - 21ਵਾਂ ||| ਜਨਵਰੀ-ਜੂਨ 2025**

## ਤਤਕਰਾ

❑ **ਸੰਪਾਦਕੀ** 5

❑ **ਕੁਆਂਟਮ ਕਾਵਿ-ਸ਼ਾਸਤਰ** 9
ਅਮਰਜੀਤ ਸਿੰਘ ਗਰੇਵਾਲ

❑ **ਤੂਤਾਂ ਵਾਲਾ ਖੂਹ : ਸਮਾਜ-ਇਤਿਹਾਸ ਦਾ ਗਲਪੀ ਦਸਤਾਵੇਜ਼** 16
ਡਾ. ਮਹਿਲ ਸਿੰਘ

❑ **ਦੇਸ਼ ਵੰਡ ਦਾ ਪੰਜਾਬ ਦੇ ਅਰਥਚਾਰੇ ਉਪਰ ਪ੍ਰਭਾਵ : ਇਕ ਸੰਖੇਪ ਵਿਸ਼ਲੇਸ਼ਣ** 22
ਡਾ. ਰਣਜੀਤ ਸਿੰਘ ਘੁੰਮਣ

❑ **ਪੰਜਾਬ ਵੰਡ (1947) : ਭੂਗੋਲ, ਆਰਥਿਕਤਾ ਅਤੇ ਕਿਸਾਨੀ ਉੱਪਰ ਪ੍ਰਭਾਵ** 28
ਡਾ. ਸੁਖਦੇਵ ਸਿੰਘ ਸੋਹਲ

❑ **ਡਾ. ਸੋਹਿੰਦਰ ਸਿੰਘ ਵਣਜਾਰਾ ਬੇਦੀ : ਪੰਜਾਬੀ ਲੋਕਧਾਰਾ ਦਾ ਭਰ ਵਹਿੰਦਾ ਦਰਿਆ** 36
ਡਾ. ਜਸਵਿੰਦਰ ਸਿੰਘ

❑ **ਸਰੋਦ ਸੁਦੀਪ : ਸਗਲ ਸਰੂਪ ਦਾ ਸੰਕੇਤੀ ਸੰਚਾਰ** 44
ਡਾ. ਸਰਬਜੀਤ ਸਿੰਘ

❑ **ਪੰਜਾਬ ਦੀ ਵੰਡ : ਇਕ ਤ੍ਰਾਸਦੀ ਦੇ ਛੇ ਅਧਿਆਇ** 55
ਡਾ. ਅਮਨਪ੍ਰੀਤ ਸਿੰਘ ਗਿੱਲ

❑ **ਉਤਰ-ਆਧੁਨਿਕ ਦੌਰ ਦਾ ਨਾਰੀਵਾਦ ਅਤੇ ਸਮਕਾਲੀ ਪੰਜਾਬੀ ਕਹਾਣੀ** 63
ਡਾ. ਪਰਮਜੀਤ ਕੌਰ ਸਿੱਧੂ

❑ **ਬਾਰਹਮਾਹ ਤੁਖਾਰੀ : ਵਿਯੋਗ-ਗ੍ਰਸਤ ਇਸਤਰੀ ਦੀ ਵੇਦਨਾ ਦਾ ਕਾਵਿ-ਕਥਨ** 69
ਡਾ. ਪਰਮਿੰਦਰ ਸਿੰਘ

❑ **ਧੁਨੀ ਸਿਧਾਂਤ ਦੇ ਪ੍ਰਸੰਗ ਵਿਚ 'ਹੀਰ ਵਾਰਿਸ' ਦਾ ਵਿਸ਼ਲੇਸ਼ਣ** 75
ਡਾ. ਰਜਨੀ ਬਾਲਾ

❑ **ਪਾਂਧੀ ਨਨਕਾਣਵੀਂ ਦੇ ਨਾਟਕ : 'ਰਾਤ ਵੇਲੇ ਸਰਘੀ ਵੇਲੇ' ਦੀਆਂ ਸੰਵਾਦੀ ਜੁਗਤਾਂ** 84
ਨਿੰਦਰਪਾਲ ਸਿੰਘ ਅਤੇ ਡਾ. ਨਛੱਤਰ ਸਿੰਘ

❐ **ਸਾਹਿਤਕ ਬਿਰਤਾਂਤ, ਡਿਜੀਟਲ ਸੰਚਾਰ ਅਤੇ ਸੱਤਾ** 91
ਡਾ. ਸਰਬਜੀਤ ਸਿੰਘ

❐ **ਡਾ. ਜੋਗਿੰਦਰ ਸਿੰਘ ਰਾਹੀ ਦਾ ਨਾਵਲ ਚਿੰਤਨ ਅਤੇ ਸਮਕਾਲੀ ਪੰਜਾਬੀ ਨਾਵਲ ਆਲੋਚਨਾ** 97
ਡਾ. ਪ੍ਰਕਾਸ਼ ਸਿੰਘ

❐ **ਗਾਈਤਰੀ ਚੱਕਰਵਰਤੀ ਸਪੀਵਾਕ ਦਾ ਸਬਾਲਟਰਨ ਪਰਿਪੇਖ** 112
ਡਾ. ਸਤਵੀਰ ਸਿੰਘ

❐ **ਅੱਲਾਮਾ ਇਕਬਾਲ ਦੀ ਪੰਜਾਬੀਅਤ : ਆਲੋਚਨਾਤਮਕ ਦ੍ਰਿਸ਼ਟੀਕੋਣ** 124
ਡਾ. ਗੁਰਪ੍ਰੀਤ ਸਿੰਘ ਸੋਢੀ

❐ **ਲਾਹੌਰ ਦਾ ਪਾਗਲਖਾਨਾ : ਦੇਸ਼-ਵੰਡ ਬਾਰੇ ਇਕ ਮਹੱਤਵਪੂਰਨ ਦਸਤਾਵੇਜ਼** 128
ਡਾ. ਰੁਪਿੰਦਰ ਕੌਰ

❐ **ਲੈਵਿਸ ਹੈਨਰੀ ਮਾਰਗਨ ਦਾ ਚਿੰਤਨ : 'ਪੁਰਾਤਨ ਸਮਾਜ' ਦੇ ਪ੍ਰਸੰਗ ਵਿਚ** 131
ਦਲਜੀਤ ਕੌਰ

❐ **ਵਾਰਿਸ ਸ਼ਾਹ ਰਚਿਤ 'ਹੀਰ' ਵਿਚ ਛੰਦ, ਤਾਲ, ਰਾਗ ਅਤੇ ਰਸ ਦਾ ਅੰਤਰ-ਸਬੰਧ** 138
ਡਾ. ਪਵਨ ਸਰਵਰ

❐ **ਕਸ਼ਮੀਰ ਸੰਕਟ, ਇਤਿਹਾਸ ਅਤੇ ਸਮਕਾਲ ਨਾਲ ਸਬੰਧਤ ਪੰਜਾਬੀ ਨਾਵਲ ਸਮਾਜ ਸਭਿਆਚਾਰਕ ਪਰਿਪੇਖ** 147
ਕੁਲਜੀਤ ਸਿੰਘ

❐ **ਸੁਖਜੀਤ ਦਾ ਕਹਾਣੀ ਜਗਤ : ਵਸਤੂ ਅਤੇ ਵਿਧੀ** 156
ਡਾ. ਨਵਜੋਤ ਕੌਰ

**ਪੁਸਤਕ ਰੀਵਿਊ :**

- **ਚੁਰਾਸੀ ਲੱਖ ਯਾਦਾਂ (ਨਾਵਲ)/ਜਸਬੀਰ ਮੰਡ** : ਡਾ. ਮਹਿਲ ਸਿੰਘ 163
- **ਪਰਛਾਵਿਆਂ ਦੀ ਜੂਨ ਭੋਗਦੇ ਅਕਾਰਾਂ ਦਾ ਧੁਰਦੇਸ : ਚੁਰਾਸੀ ਲੱਖ ਯਾਦਾਂ** : ਡਾ. ਯਾਦਵਿੰਦਰ ਸਿੰਘ 165
- **ਮਨੁ ਪੰਖੀ ਭਇਓ (ਨਾਵਲ)/ਮਨਮੋਹਨ** : ਡਾ. ਹਰਪ੍ਰੀਤ ਸਿੰਘ 168
- **ਪੰਜਾਬੀ ਸਾਹਿਤ-ਇਤਿਹਾਸ ਤੇ ਇਤਿਹਾਸਕਾਰੀ (ਆਲੋਚਨਾ)/ਡਾ. ਹਰਿਭਜਨ ਸਿੰਘ ਭਾਟੀਆ** 170
  ਡਾ. ਪਰਮਜੀਤ ਢੀਂਗਰਾ

◈


ISSN : 2395-1273

# ਕਸ਼ਮੀਰ ਸੰਕਟ, ਇਤਿਹਾਸ ਅਤੇ ਸਮਕਾਲ ਨਾਲ ਸਬੰਧਿਤ ਪੰਜਾਬੀ ਨਾਵਲ : ਸਮਾਜ ਸਭਿਆਚਾਰਕ ਪਰਿਪੇਖ




**ਕੁਲਜੀਤ ਸਿੰਘ**

ਖੋਜਾਰਥੀ, ਪੰਜਾਬੀ ਵਿਭਾਗ, ਦਿੱਲੀ ਯੂਨੀਵਰਸਿਟੀ, ਦਿੱਲੀ
✆ 9023126144


ਕਸ਼ਮੀਰ ਦੇ ਭੂਗੋਲਿਕ, ਧਾਰਮਿਕ, ਆਰਥਿਕ, ਰਾਜਨੀਤਕ ਕਾਰਨਾਂ ਦਾ ਆਪਣਾ ਲੰਮਾ ਚੌੜਾ ਇਤਿਹਾਸ ਰਿਹਾ ਹੈ। ਇੱਥੇ ਸਾਡੇ ਮਨ 'ਚ ਇਹ ਸਵਾਲ ਖੜਾ ਹੁੰਦਾ ਹੈ, ਕੀ ਕਸ਼ਮੀਰ ਸੱਚਮਚ ਇਕ ਸੰਕਟ ਹੈ? ਕੋਈ ਵੀ ਸਮੱਸਿਆ ਜਾਂ ਸੰਕਟ ਰਾਤੋ-ਰਾਤ ਪੈਦਾ ਨਹੀਂ ਹੋ ਜਾਂਦਾ। ਉਸ ਪਿੱਛੇ ਬਹੁਤ ਸਾਰੇ ਆਰਥਿਕ, ਭੂਗੋਲਿਕ, ਸਮਾਜਕ, ਧਾਰਮਿਕ, ਰਾਜਨੀਤਕ ਅਤੇ ਮਨੋਵਿਗਿਆਨਕ ਕਾਰਨ ਹੁੰਦੇ ਹਨ। ਕਸ਼ਮੀਰ ਸਮੱਸਿਆ ਦਾ ਪਹਿਲਾ ਕਾਰਨ ਭੂਗੋਲ ਹੈ ਅਤੇ ਦੂਜਾ ਕਾਰਨ ਭਾਰਤ-ਪਾਕਿਸਤਾਨ ਨਾਲ ਜੁੜਦੀਆਂ ਸਰਹੱਦਾਂ ਅਤੇ ਮੁਸਲਿਮ ਆਬਾਦੀ ਹੈ। ਕਸ਼ਮੀਰ ਸਮੱਸਿਆ ਦਾ ਇਕ ਕਾਰਨ ਤਾਂ ਇਹ ਕਹਿ ਸਕਦੇ ਹਾਂ ਕਿ ਕਸ਼ਮੀਰ ਸਮੱਸਿਆ ਭਾਰਤ ਅਤੇ ਪਾਕਿਸਤਾਨ ਦੀ ਸੌਦੇਬਾਜ਼ੀ ਵਿਚੋਂ ਉੱਭਰਦੀ ਹੈ। ਇਸੇ ਦੁਚਿੱਤੀ ਦੇ ਕਾਰਨ ਹੀ ਸੰਕਟ ਦੇ ਬੀਜ ਉੱਭਰਨੇ ਸ਼ੁਰੂ ਹੁੰਦੇ ਹਨ। ਇਸ ਸੰਕਟ ਦੀਆਂ ਜੜ੍ਹਾਂ ਅਜੋਕੇ ਦੌਰ ਵਿਚ ਵੀ ਫੈਲੀਆਂ ਹੋਈਆਂ ਹਨ ਅਤੇ ਸੰਕਟ ਦੇ ਇਤਿਹਾਸ ਵਿਚ ਆਪਣੀ ਵੱਖਰੀ ਪਛਾਣ ਰੱਖਦੀਆਂ ਹਨ। ਕਸ਼ਮੀਰ ਦੇ ਇਤਿਹਾਸ ਵਿਚ 1947 ਦੀ ਦੇਸ਼ ਵੰਡ ਵੀ ਇਕ ਵੱਡਾ 'ਵੱਡ' (Rapture) ਮੰਨਿਆ ਜਾਂਦਾ ਹੈ। ਪਰੰਤੂ ਦੂਜੇ ਪਾਸੇ ਦੇਸ਼-ਵੰਡ ਤੋਂ ਪਹਿਲਾਂ 1931 ਈ. ਦਾ ਵਰ੍ਹਾ ਕਸ਼ਮੀਰੀਆਂ ਦੀ ਆਜ਼ਾਦੀ ਦਾ ਪਹਿਲਾ ਕੇਂਦਰ ਬਿੰਦੂ ਬਣਦਾ ਹੈ। ਕਸ਼ਮੀਰ ਦੀ ਆਜ਼ਾਦੀ ਦਾ ਉਹ ਸਮਾਂ ਅੱਜ ਵੀ ਸ਼ਹੀਦੀ ਦੇ ਤੌਰ ਤੇ ਮਨਾਇਆ ਜਾਂਦਾ ਹੈ। ਜਿਸ ਦਾ ਜ਼ਿਕਰ M.K Teng ਆਪਣੀ ਪੁਸਤਕ Kashmir: Myth of Autonomy (ਅਨਮੋਲ Pubilsher-1988) ਵਿਚ ਕਰਦੇ ਹਨ ਅਤੇ Chitralekha Zutshi ਆਪਣੀ ਪੁਸਤਕ Language of Belonging, Kashmir's Contested Pasts: Narratives, Geographies and the Historical imagination ਵਿਚ ਜ਼ਿਕਰ ਕੀਤਾ ਹੈ। ਚਿੱਤਰਲੇਖਾ ਜੁਤਸ਼ੀ ਆਪਣੀ ਕਿਤਾਬ Language of belonging ਵਿਚ 1931 ਤੋਂ ਪਹਿਲਾਂ ਦੇ ਇਤਿਹਾਸ ਦਾ ਵਿਸਥਾਰਪੂਰਵਕ ਵਰਣਨ ਕਰਦੀ ਹੈ। ਇਸ ਕਿਤਾਬ ਦੇ ਜ਼ਰੀਏ ਉਹ ਕਸ਼ਮੀਰ ਦੇ ਸਿਆਸੀ ਇਤਿਹਾਸ ਦੀਆਂ ਬਹੁਤ ਸਾਰੀਆਂ ਪਰਤਾਂ ਨੂੰ ਫਰੋਲਣ ਦੀ ਕੋਸ਼ਿਸ਼ ਕਰਦੀ ਹੈ। ਜਿਵੇਂ ਉਹ ਲੇਖਿਕਾ ਕਹਿੰਦੀ ਹੈ ਕਿ

> ਕਸ਼ਮੀਰੀ ਮੁਸਲਮਾਨ, ਉਪ-ਮਹਾਂਦੀਪ ਵਿਚ ਕਿਤੇ ਹੋਰ ਮੁਸਲਮਾਨਾਂ ਦੇ ਰੂਪ ਵਿਚ, ਆਪਣੇ ਖੇਤਰ, ਸ਼੍ਰੇਣੀ, ਸੰਪਰਦਾ, ਅਤੇ ਹੋਰ ਮਾਨਤਾਵਾਂ ਦੇ ਮੇਜ਼ਬਾਨਾਂ ਦੇ ਸਬੰਧ ਵਿਚ, ਨਾ ਕਿ ਸਿਰਫ਼ ਇਸਲਾਮ ਦੇ ਵੱਡੇ ਭਾਈਚਾਰੇ ਦੇ ਸਬੰਧ ਵਿਚ ਆਪਣੀ ਪਛਾਣ ਬਣਾਈ ਰੱਖਦੇ ਹਨ। ਇਸ ਤੋਂ ਇਲਾਵਾ, ਘਾਟੀ ਦੇ ਅੰਦਰ ਸਮਾਜਕ-ਆਰਥਿਕ ਤਬਦੀਲੀਆਂ, ਜੋ ਕਿ ਸਾਰੇ ਰਾਜ ਜਾਂ ਬਸਤੀਵਾਦੀ ਨੀਤੀਆਂ ਨਾਲ ਸਬੰਧਤ ਨਹੀਂ ਹਨ, ਨੇ ਧਰਮ, ਭਾਈਚਾਰੇ ਅਤੇ ਪਛਾਣਾਂ 'ਤੇ ਬਿਰਤਾਂਤ ਨੂੰ ਵਿਕਸਤ ਕਰਨ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ।[1]

ਇਸ ਕਿਤਾਬ ਦੇ ਰਾਹੀਂ ਦੂਜਾ ਪੱਖ ਇਹ ਦਿਸਦਾ ਹੈ ਕਿ ਕਸ਼ਮੀਰੀਆਂ ਦੀ ਜ਼ਿਆਦਤੀ ਪਿੱਛੇ ਡੋਗਰਿਆਂ ਦਾ ਰੋਲ ਹੈ। ਜਿਵੇਂ ਸ਼ੇਖ ਅਬਦੁੱਲਾ ਕਹਿੰਦੇ ਹਨ ਕਿ

> These orders are a coercive interference in the matter of our religion, so we choose not to obey them. We will never allow interference in our religious affairs. We announce another meeting against these orders.[2]

ਇਸ ਤਰ੍ਹਾਂ ਦੀਆਂ ਘਟਨਾਵਾਂ ਚੱਲ ਰਹੀਆਂ ਸਨ। ਸ਼ੇਖ ਅਬਦੁੱਲਾ ਦੇ ਕਹਿਣ ਤੋਂ ਬਾਅਦ ਉੱਥੋਂ ਦੇ ਯੂਥ ਜੋਸ਼ ਵਿਚ ਆ ਗਿਆ। ਪਰੰਤੂ ਇਸਦੇ ਨਾਲ ਹੀ ਸਭ ਕੁਝ ਅਹਿੰਸਾਜਨਕ ਤਰੀਕੇ ਨਾਲ ਚੱਲ ਰਿਹਾ ਸੀ। ਅਸਲ ਹਿੰਸਾ ਅਬਦੁੱਲ ਕਾਦਿਰ ਦੇ ਭਾਸ਼ਣ ਤੋਂ ਬਾਅਦ ਸ਼ੁਰੂ ਹੋਈ।


**www.sanvad.org**
ISSN : 2395-1273
(ਪੰਨੇ 147-155)

**ਭਾਰਤ, ਪਾਕਿਸਤਾਨ ਅਤੇ ਕਸ਼ਮੀਰ ਦਾ ਬਟਵਾਰਾ :**

1947 ਦੇ ਸਮੇਂ ਦੀਆਂ ਪ੍ਰਸਥਿਤੀਆਂ ਦੱਸਦੀਆਂ ਹਨ ਕਿ ਉਸ ਸਮੇਂ ਦੇ ਰਜਵਾੜਿਆਂ ਕੋਲ ਦੋ ਹੀ ਰਾਹ ਬੱਚਦੇ ਸਨ ਕਿ ਉਹ ਜਾਂ ਤਾਂ ਭਾਰਤ ਜਾਂ ਪਾਕਿਸਤਾਨ ਵਿਚ ਰਲ ਜਾਂਦੇ ਜਾਂ ਫਿਰ ਆਜ਼ਾਦ ਰਹਿੰਦੇ। ਉਸ ਸਮੇਂ ਕਾਂਗਰਸ ਅਤੇ ਮੁਸਲਿਮ ਲੀਗ ਜ਼ਿਆਦਾ ਤੋਂ ਜ਼ਿਆਦਾ ਸੂਬਿਆਂ ਨੂੰ ਆਪਣੇ ਝੰਡੇ ਥੱਲੇ ਕਰਨ ਦੇ ਲਈ ਵੀ ਕਾਹਲੀਆਂ ਸਨ। ਇੱਥੇ ਦੂਜੀ ਗੱਲ ਸਮਝਣ ਵਾਲੀ ਇਹ ਹੈ ਕਿ ਉਸ ਸਮੇਂ ਤਿੰਨ ਰਿਆਸਤਾਂ ਅਜਿਹੀਆਂ ਸਨ ਜਿਨ੍ਹਾਂ ਦਾ ਜਨਸੰਖਿਆ ਅਤੇ ਉੱਥੋਂ ਦੇ ਰਾਜੇ ਦਾ ਧਰਮ ਵੱਖੋ ਵੱਖਰਾ ਸੀ। ਜਿਵੇਂ ਹੈਦਰਾਬਾਦ, ਜੂਨਾਗੜ੍ਹ ਅਤੇ ਕਸ਼ਮੀਰ। ਜਿਸ ਵਿਚ ਹੈਦਰਾਬਾਦ ਅਤੇ ਜੂਨਾਗੜ੍ਹ ਦੋਵਾਂ ਸੂਬਿਆਂ ਦੇ ਰਾਜਿਆਂ ਨੇ ਪਾਕਿਸਤਾਨ ਨਾਲ ਰਲਣ ਦੀਆਂ ਕੋਸ਼ਿਸ਼ਾਂ ਕੀਤੀਆਂ। ਜਦ ਕਿ ਪਾਕਿਸਤਾਨ ਵੀ ਇਸ ਲਈ ਤਿਆਰ ਸੀ। ਹੈਦਰਾਬਾਦ ਭਾਰਤ ਦੇ ਅੰਦਰ ਸੀ ਉਸਦਾ ਪਾਕਿਸਤਾਨ ਵੱਲ੍ਹ ਜਾਣਾ ਭਾਰਤ ਲਈ ਵੱਡੀ ਸਿਰਦਰਦੀ ਬਣਦਾ। ਇਹ ਹੀ ਰੌਲਾ ਜੂਨਾਗੜ੍ਹ ਦਾ ਸੀ ਜਦ ਕਿ ਉੱਥੋਂ ਦੇ ਲੋਕਾਂ ਨੇ ਭਾਰਤ ਦੇ ਹੱਕ ਵਿਚ ਵੋਟ ਦਿੱਤੀ। ਸਰਦਾਰ ਵੱਲਭ ਭਾਈ ਪਟੇਲ ਵੀ ਇਸ ਗੱਲ ਦੀ ਹਾਮੀ ਭਰਦੇ ਸਨ ਜਦ ਕਿ ਉਹ ਕਸ਼ਮੀਰ ਨੂੰ ਪਾਕਿਸਤਾਨ ਨੂੰ ਦੇਣਾ, ਉਨ੍ਹਾਂ ਨੂੰ ਠੀਕ ਲਗਦਾ ਸੀ। ਜਦਕਿ ਪੰਡਿਤ ਜਵਾਹਰ ਲਾਲ ਨਹਿਰੂ ਨੇ ਇਸ ਗੱਲ ਵੱਲ੍ਹ ਥੋੜ੍ਹਾ ਜਿਹਾ ਸੁਚੇਤ ਕੀਤਾ ਸੀ। ਜਿਵੇਂ 'Balraj Puri' ਆਪਣੀ ਪੁਸਤਕ "Kashmir Insurgency and After" ਵਿਚ ਲਿਖਦੇ ਹਨ।

> Pakistan's strategy is now one of infiltration and only in the isolation of Kashmir during the rainy season can it take any major action...Raja Hari Singh now has only one option left to seek the support of the National Conference and join India. By doing this, it will be difficult for Pakistan to attack directly or indirectly without creating a situation of direct confrontation with India.[3]

ਇੱਥੇ ਇਕ ਗੱਲ ਹੋਰ ਵੇਖਣ ਨੂੰ ਮਿਲਦੀ ਹੈ ਕਿ 1947 ਦੀ ਦੇਸ਼ ਵੰਡ ਸਮੇਂ ਕਸ਼ਮੀਰ ਵਿਚ ਕੋਈ ਭਿਆਨਕ ਹਿੰਸਾ ਦੀਆਂ ਘਟਨਾਵਾਂ ਨਹੀਂ ਹੋਈਆਂ। ਉੱਥੋਂ ਨਾ ਹੀ ਲੋਕ ਪਾਕਿਸਤਾਨ ਗਏ ਅਤੇ ਨਾ ਉੱਥੋਂ ਹਿੰਦੂ-ਸਿੱਖਾਂ ਦੀ ਘੱਟ ਗਿਣਤੀ ਨੂੰ ਕੱਢਿਆ ਗਿਆ। ਸੰਯੁਕਤ ਰਾਸ਼ਟਰ ਅਤੇ ਧਾਰਾ-370 ਅਕਸਰ ਹੀ ਅਸੀਂ ਕਸ਼ਮੀਰ ਸੂਬੇ ਨੂੰ ਵਿਸ਼ੇਸ਼ ਅਧਿਕਾਰ-370 ਨਾਲ ਜੋੜ ਕੇ ਵੇਖਦੇ ਹਾਂ। ਜਿਵੇਂ ਅਸੀਂ ਸ਼ੁਰੂ-ਸ਼ੁਰੂ ਦੀ ਗੱਲ ਕਰੀਏ ਤਾਂ ਨਾਗਾਲੈਂਡ, ਅਸਾਮ ਅਤੇ ਜੰਮੂ ਅਤੇ ਕਸ਼ਮੀਰ ਸੂਬਿਆਂ ਨੂੰ ਵਿਸ਼ੇਸ ਸੂਬੇ ਦਾ ਦਰਜਾ ਦਿੱਤਾ ਗਿਆ ਸੀ ਅਤੇ ਉਸ ਤੋਂ ਬਾਅਦ ਇਸ ਵਿਚ ਅੱਠ ਹੋਰ ਸੂਬਿਆਂ ਨੂੰ ਸ਼ਾਮਿਲ ਕਰ ਲਿਆ ਗਿਆ ਜਿਵੇਂ, ਮਣੀਪੁਰ, ਮੇਘਾਲਿਆ, ਮਿਜ਼ੋਰਮ, ਹਿਮਾਚਲ ਪ੍ਰਦੇਸ਼, ਉਤਰਾਖੰਡ, ਅਰੁਣਾਚਲ ਪ੍ਰਦੇਸ਼ ਆਦਿ। ਦੂਜੇ ਪਾਸੇ ਇੱਥੇ ਇਹ ਸਮਝਣ ਦੀ ਲੋੜ ਹੈ ਕਿ ਦੂਜੇ ਸੂਬੇ ਨੂੰ ਦਰਜਾ ਦੇਣ ਲਈ ਆਧਾਰ ਕਿਉਂ ਬਣਾਏ ਗਏ ? ਉਸ ਪਿੱਛੇ ਵੀ ਕਈਂ ਕਾਰਨ ਸਨ। ਕਿਸੇ ਇਲਾਕੇ ਦਾ ਪਛੜਿਆ ਹੋਣਾ, ਪਹਾੜੀ ਇਲਾਕੇ ਕਰਕੇ ਸਰਹੱਦਾਂ ਦਾ ਜੁੜਨਾ, ਘੱਟ ਗਿਣਤੀ ਵਸੋਂ, ਆਰਥਿਕ ਪੱਖੋਂ ਪਛੜਿਆਂ ਹੋਣਾ ਅਤੇ ਸੂਬਿਆਂ ਵਿਚ ਵਿੱਤੀ ਸੰਕਟ ਪੈਦਾ ਹੋਣਾ ਆਦਿ।

ਅਗਲੇ ਪੜਾਅ ਦੀ ਗੱਲ ਅਸੀਂ 1953 ਤੋਂ ਲੈ ਕੇ 1987 ਤਕ ਕਰ ਸਕਦੇ ਹਾਂ, ਜੋ ਕਿ ਹੁਣ ਵੀ ਜਾਰੀ ਹੈ। 1965 ਅਤੇ 1971 ਦੀ ਭਾਰਤ-ਪਾਕਿ ਜੰਗ ਨੇ ਕਸ਼ਮੀਰ ਦੀ ਸਿਆਸਤ ਵਿਚ ਹੋਰ ਦਰਾੜ ਪੈਦਾ ਕਰ ਦਿੱਤੀ। ਜਦ ਕਿ ਇਸ ਸਬੰਧ ਵਿਚ ਯੂ. ਐਨ. ਦਾ ਫ਼ੈਸਲਾ ਸੀ ਕਿ ਕਸ਼ਮੀਰ ਵਿਚ ਲੋਕਾਂ ਦੁਆਰਾ ਰੈੱਫਰੈਂਡਮ ਕਰਵਾ ਕੇ ਇਸਦਾ ਫ਼ੈਸਲਾ ਅੰਤਿਮ ਮੰਨਿਆ ਜਾਵੇ। ਇਨ੍ਹਾਂ ਮਸਲਿਆਂ ਤੋਂ ਇਲਾਵਾ ਕਸ਼ਮੀਰ ਨੂੰ ਧਾਰਾ 370 ਨਾਲ ਜੋੜਨਾ, ਕਸ਼ਮੀਰ ਨੂੰ ਸਪੈਸ਼ਲ ਸਟੇਟਸ ਦਾ ਪ੍ਰਾਪਤ ਹੋਣਾ, ਸਿਆਸੀ ਆਗੂਆਂ ਦੀ ਅਮਰੀਕਾ ਨਾਲ ਗੱਲਬਾਤ, ਜ਼ਮੀਨੀ ਸੁਧਾਰ ਆਦਿ ਸਭ ਮਸਲਿਆਂ ਨੇ ਇਸ ਸਮੱਸਿਆ ਨੂੰ ਹੋਰ ਉਲਝਾ ਦਿੱਤਾ। ਇਸ ਬਾਬਤ ਮੋਹਨ ਕ੍ਰਿਸ਼ਨ ਟੈਂਗ ਆਪਣੀ ਪੁਸਤਕ ਕਸ਼ਮੀਰ ਮਾਈਥ ਆਫ ਐਟੋਨਮੀ (Kashmir : Myth of Autonomy) ਵਿਚ ਲਿਖਦੇ ਹਨ। ਇਨ੍ਹਾਂ ਸਭ ਮਸਲਿਆਂ ਤੋਂ ਪਤਾ ਲੱਗਦਾ ਹੈ ਕਿ ਅਸਲ ਵਿਚ ਕਸ਼ਮੀਰ ਤੇ ਭਾਰਤ ਦਾ ਦਬਦਬਾ 1953 ਤੋਂ ਬਾਅਦ ਸ਼ੁਰੂ ਹੋਇਆ। Rekha Chowdhary ਆਪਣੀ ਪੁਸਤਕ Identity Politics In Jammu and Kashmir ਵਿਚ ਇਸ ਤਰ੍ਹਾਂ ਜ਼ਿਕਰ ਕਰਦੀ ਹੈ ਕਿ ਜੇਕਰ ਕਸ਼ਮੀਰ ਦੀ ਪਛਾਣ ਦੀ ਰਾਜਨੀਤੀ 'ਤੇ ਧਿਆਨ ਕੇਂਦਰਿਤ ਕਰਦੇ ਹੋਏ, ਜੋ ਕਿ ਸੰਘਰਸ਼ ਦੀ ਜੜ੍ਹ 'ਤੇ ਬਣੀ ਹੋਈ ਹੈ।

ਵੰਡ ਤੋਂ ਬਾਅਦ ਪਾਕਿਸਤਾਨੀ ਰਫ਼ਿਊਜੀ, ਗੁੱਜਰ, ਪਹਾੜੀ, ਲਦਾਖੀ, ਕਸ਼ਮੀਰੀ, ਜੰਗ ਦੌਰਾਨ


**www.sanvad.org**
ISSN : 2395-1273

ਵਿਸਥਾਪਿਤ ਖਿੱਤੇ, ਹਿੰਦੂ-ਸਿੱਖਾਂ ਦੀ ਇੰਡੈਂਟਿਟੀ ਆਦਿ। ਕਸ਼ਮੀਰੀਆਂ ਅਤੇ ਭਾਰਤ ਦੀ ਆਪਸੀ ਉਲਝਣਾਂ ਵਿਚ ਜੰਮੂ ਅਤੇ ਲੱਦਾਖ ਦੇ ਮਸਲੇ ਚੁੱਪ ਵੱਟ ਗਏ ਸਨ। ਇਨ੍ਹਾਂ ਮਸਲਿਆਂ ਨੂੰ ਵੇਖਦੇ ਹੋਏ Sumantra Bose ਨੇ ਆਪਣੀ ਪੁਸਤਕ Kashmir at the Crossroads: Inside a 21st-Century Conflict ਵਿਚ ਕਸ਼ਮੀਰ ਸੰਕਟ ਦੇ ਕਾਰਨਾਂ ਨੂੰ ਲੱਭਣ ਦੀ ਕੋਸ਼ਿਸ਼ ਕੀਤੀ ਹੈ। ਅਸੀਂ ਇਸ ਸੰਕਟ ਨੂੰ ਇਕ ਤਰਫ਼ਾ ਨਾ ਸੋਚੀਏ। ਅਸਲ ਵਿਚ ਉਸ ਸਮੇਂ ਭਾਵ ਸੱਤਰਵੇਂ ਅਤੇ ਅੱਸੀਵੇਂ ਦੌਰ ਵਿਚ ਦੁਨੀਆ ਵਿਚ ਬਹੁਤ ਕੁਝ ਵਾਪਰ ਰਿਹਾ ਸੀ। ਜਿਵੇਂ ਪੰਜਾਬ 1984, ਜਿਹੜਾ ਕਿ 1978 ਵਿਚ ਸ਼ੁਰੂ ਹੋ ਚੁੱਕੀ ਸੀ। ਅੱਸੀਵਿਆਂ ਵਿਚ ਹੀ ਇਰਾਕ ਨੇ ਸਰਹੱਦੀ ਵਿਵਾਦ ਨੂੰ ਲੈ ਕੇ ਈਰਾਨ ਖਿਲਾਫ਼ ਜੰਗ ਛੇੜ ਦਿੱਤੀ ਸੀ, ਮਿਸਰ ਦੀ ਫ਼ੌਜ ਵਿਚ ਅੱਤਵਾਦੀਆਂ ਨੇ ਰਾਸ਼ਟਰਪਤੀ ਦਾ ਕਤਲ ਕਰ ਦਿੱਤਾ। ਇਨ੍ਹਾਂ ਤਰਫਾਂ ਨੂੰ ਦੇਖਦੇ ਹੋਏ ਹਿੰਦੁਸਤਾਨ ਸਰਕਾਰ ਕਦੇ ਵੀ ਰੈਂਫਰੈਂਡਮ ਦੇ ਹੱਕ ਵਿਚ ਨਹੀਂ ਸੀ ਕਿਉਂ ਕਿ ਉਨ੍ਹਾਂ ਨੂੰ ਪਤਾ ਸੀ ਕਿ ਕਸ਼ਮੀਰ ਮੁਸਲਿਮ ਅਬਾਦੀ ਵਾਲਾ ਸੂਬਾ ਹੋਣ ਕਾਰਨ ਇਹ ਸਭ ਪਾਕਿਸਤਾਨ ਦੇ ਹੱਕ ਵਿਚ ਜਾਣਾ ਸੀ। ਜਿਸਦਾ ਜ਼ਿਕਰ ਅਮਰੀਕੀ ਪੱਤਰਕਾਰ Basharat Peer ਨੇ ਆਪਣੀ ਪੁਸਤਕ Curfewed Night – A Memoir of War in Kashmir (2010) ਵਿਚ ਕੀਤਾ ਹੈ। ਇਹ ਕਿਤਾਬ 1990 ਦੇ ਦਹਾਕੇ ਵਿਚ ਭਾਰਤ ਅਤੇ ਜੰਮੂ ਤੇ ਕਸ਼ਮੀਰ ਦੇ ਬਗ਼ਾਵਤ ਨੂੰ ਤਲਾਸ਼ਦੇ ਹੋਏ ਲੇਖਕਾਂ ਦੇ ਨਿੱਜੀ ਅਨੁਭਵਾਂ ਨੂੰ ਪੇਸ਼ ਕਰਦੀ ਹੈ। ਜਿਵੇਂ ਪੰਜਾਬ ਅੱਤਵਾਦ ਸਮੇਂ ਇਕ ਦਾੜ੍ਹੀ ਮੁੱਛਾਂ ਵਾਲਾ, ਪਗੜੀ ਧਾਰੀ ਸਿੱਖ, ਭਾਰਤੀ ਸਟੇਟ ਦੀ ਨਜ਼ਰ ਵਿਚ ਅੱਤਵਾਦੀ ਸੀ। ਇਸੇ ਤਰ੍ਹਾਂ ਹੀ 1990 ਤੋਂ ਬਾਅਦ ਹਰ ਕਸ਼ਮੀਰੀ ਮੁਸਲਮਾਨ ਆਤੰਕਵਾਦੀ ਬਣ ਗਿਆ। ਭਾਰਤੀ ਸਟੇਟ ਦਾ ਉਸ ਧਿਰ ਨੂੰ ਮਿਲਿਟੈਂਟਾਂ ਦਾ ਰੂਪ ਦੇਣ ਦੇ ਹੋਰ ਵੀ ਕਾਰਨ ਸਨ। ਅਸਲ ਵਿਚ ਨੱਬੇ ਦੇ ਦਹਾਕੇ ਵਿਚ ਉਸ ਸਮੇਂ ਬਹੁਤ ਕੁਝ ਵਾਪਰ ਰਿਹਾ ਸੀ ਜਿਸ ਕਾਰਨ ਹਰ ਭਾਰਤੀ ਨੂੰ ਕੋਈ ਵੀ ਮੁਸਲਮਾਨ ਇਕ ਮਿਲਿਟੈਂਟ ਦਿਖਣ ਲੱਗਿਆ। ਕਿਉਂਕਿ ਉਸ ਸਮੇਂ ਪੰਜਾਬ 1984 ਵਾਪਰ ਰਿਹਾ ਸੀ, 1992 ਵਿਚ ਬਾਬਰੀ ਮਸਜਿਦ ਕਾਂਡ, 1993 ਦੇ ਵਿਚ 26/11 ਬੰਬੇ ਹਮਲਾ, 2002 ਵਿਚ ਗੋਦਰਾ ਕਾਂਡ, ਉਸਾਮਾਂ ਬਿਨ ਲਾਦੇਨ ਦੀ ਖੋਜ ਆਦਿ ਇਨ੍ਹਾਂ ਵੱਖ-ਵੱਖ ਹਮਲਿਆਂ ਨੇ ਲੋਕਾਈ ਨੂੰ ਅੰਦਰੋਂ ਹਲੂਣ ਕੇ ਰੱਖ ਦਿੱਤਾ ਸੀ। ਕਸ਼ਮੀਰੀਆਂ ਦੀ ਇਸ ਲੜਾਈ ਵਿਚ ਸਿੱਖਾਂ ਅਤੇ ਕਸ਼ਮੀਰੀ ਪੰਡਿਤਾਂ ਨੇ ਕਦੇ ਉਨ੍ਹਾਂ ਦਾ ਸਾਥ ਨਹੀਂ ਦਿੱਤਾ। ਇਕ ਥਾਂ ਤੇ Sumantra Bose ਖ਼ੁਦ ਕਹਿੰਦੇ ਹਨ ਕਿ

> ਜਦੋਂ ਕੇਂਦਰ ਆਪਣੇ ਹੀ ਲੋਕਾਂ ਨੂੰ ਮਾਰਨਾ ਸ਼ੁਰੂ ਕਰ ਦੇਵੇ, ਜਦੋਂ ਸਿਆਸੀ ਸੰਸਥਾ ਆਪਣਾ ਹੀ ਮਾਸ ਖਾਣ ਦੀ ਤਿਆਰੀ ਵਿਚ ਹੁੰਦੀ ਹੈ। ਇਹ ਏਜੰਟ ਪੈਦਾ ਕਰਦਾ ਹੈ ਜੋ ਪ੍ਰਕਿਰਿਆ ਨੂੰ ਤੇਜ਼ ਕਰੇਗਾ। ਅੱਤਵਾਦ ਇਕ ਅਜਿਹਾ ਏਜੰਟ ਹੈ। ਸ਼ਾਂਤਮਈ ਨੁਮਾਇੰਦਗੀ ਦੁਆਰਾ ਨਿਪਟਾਰਾ ਪ੍ਰਾਪਤ ਕਰਨ ਵਿਚ ਅਸਫਲ ਰਹਿਣ ਵਾਲੇ ਨਿਰਾਸ਼ ਲੋਕਾਂ ਨੇ ਉਮੀਦ ਕੀਤੀ ਕਿ ਹਥਿਆਰਬੰਦ ਜਵਾਬੀ ਕਾਰਵਾਈ ਆਜ਼ਾਦੀ ਪ੍ਰਦਾਨ ਕਰੇਗੀ। ਉਹ ਅੱਤਵਾਦ ਦੇ ਜਾਲ ਵਿਚ ਫਸ ਗਏ। ਉਨ੍ਹਾਂ ਦੋਹਾਂ ਵਿਚਕਾਰ। ਭਾਰਤੀ ਰਾਜ ਅਤੇ ਇਸਲਾਮਿਕ ਅੱਤਵਾਦ ਨੇ ਕਸ਼ਮੀਰੀ ਮਾਨਸਿਕਤਾ ਨੂੰ ਤਬਾਹ ਕਰ ਦਿੱਤਾ ਹੈ।[4]

ਸੋ ਉਪਰੋਕਤ ਇਨ੍ਹਾਂ ਲੇਖਕਾ ਅਤੇ ਬੁੱਧੀਜੀਵੀਆਂ ਦੇ ਆਧਾਰ ’ਤੇ ਅਸੀਂ ਇਹ ਕਹਿ ਸਕਦੇ ਹਾਂ ਕਿ ਕਸ਼ਮੀਰ ਦੀ ਆਜ਼ਾਦੀ ਦੀ ਲੜਾਈ ਧਾਰਮਿਕਤਾ ਦਾ ਰੰਗ ਅਖ਼ਤਿਆਰ ਕਰ ਰਹੀ ਹੈ। ਧਰਮ ਦੇ ਛਾਵੇਂ ਰੱਖ ਕੇ ਕਸ਼ਮੀਰੀਆਂ ’ਤੇ ਜੋ ਅੱਤਿਆਚਾਰ ਹੁਣ ਤਕ ਹੋਇਆ ਹੈ ਉਹ ਭਾਵੇਂ ਸ਼ੇਖ ਅਬਦੁੱਲਾ ਤੋਂ ਲੈ ਕੇ ਸਈਅਦ ਅਲੀ ਸ਼ਾਹ ਗਿਲਾਨੀ ਤਕ ਹੋਇਆ ਹੋਵੇ। ਅਜਿਹਾ ਰੰਗ ਨੌਜਵਾਨਾਂ ’ਤੇ ਸਵਾਰ ਹੋਣ ’ਤੇ ਉਹ ਪਰਲੇ ਪਾਰ (ਪਾਕਿਸਤਾਨ) ਗਏ। ਉਸ ਸਥਿਤੀ ਨੂੰ ਸਮਝਣਾ ਵੀ ਉਨ੍ਹਾਂ ਹੀ ਜ਼ਰੂਰੀ ਹੈ। ਸੈਂਟਰ ਸਰਕਾਰ ਨੇ ਕਾਫ਼ੀ ਦਹਾਕਿਆਂ ਤੋਂ ਕਸ਼ਮੀਰ ਤੇ ਆਪਣਾ ਹੱਕ ਜਮਾਈ ਰੱਖਿਆ ਹੈ। ਜਿਸ ਦੇ ਕਾਰਨ ਲੋਕਾਂ ਦੇ ਮਨਾਂ ਵਿਚ ਸਰਕਾਰ ਪ੍ਰਤੀ ਨਫ਼ਰਤ ਪੈਦਾ ਹੋਈ ਉਹ ਕਿਸੇ ਨਾ ਕਿਸੇ ਰੂਪ ਵਿਚ ਤਾਂ ਨਿਕਲਣੀ ਸੀ ਉਨ੍ਹਾਂ ਨੇ ਆਖੀਰ ਤੇ ਆ ਕੇ ਹਥਿਆਰ ਚੱਕ ਲਏ। ਜਿਵੇਂ ਕਿ ਟ੍ਰਿਧਿਆਉਨ ਕਹਿੰਦੀ ਹੈ ਕਿ ਨੱਬੇ ਵਾਲੀ ਲੜਾਈ ਤੋਂ ਬਾਅਦ ਲੋਕਾਂ ਦੇ ਮਨਾਂ ਨੂੰ ਵੱਡੇ ਪੱਧਰ ਤੇ ਪ੍ਰਭਾਵਿਤ ਕੀਤਾ ਉਹ ਕਈਂ ਬਿਮਾਰੀਆਂ ਦਾ ਸ਼ਿਕਾਰ ਹੋਣਾ ਸ਼ੁਰੂ ਹੋ ਗਏ। ਸਦਮੇਂ, ਯਾਦਾਂ ਅਤੇ ਮਨੋਰੋਗਾਂ ਨੇ ਉਨ੍ਹਾਂ ਨੂੰ ਮਰਿਆ ਵਰਗਾ ਕਰ ਦਿੱਤਾ। ਦੂਜੀ ਗੱਲ ਉੱਥੇ ਇਹ ਹੋਈ ਕਿ ਬੇਰੋਜ਼ਗਾਰੀ ਆਪਣੀ ਤਾਦਾਰ ’ਤੇ ਆ ਗਈ ਸੀ ਆਰਥਿਕਤਾ ਦੀ ਮਾੜੀ ਹਾਲਤ, ਖੇਤੀਬਾੜੀ, ਟਰੈਵਲਿੰਗ, ਅਤੇ ਹਸਤਕਲਾ ਦੀ ਆਦਿ ਦੇ ਕਾਰਜਾਂ ਆਦਿ ’ਤੇ ਬਹੁਤ ਵੱਡਾ ਪ੍ਰਭਾਵ ਪਿਆ। ਇਸ ਹੀ ਗੱਲ ਨੂੰ ਕੋਡ ਕਰਦੇ ਹੋਏ Amreek Singh, Rajinder Sachhar, Balraj Puri ਇਨ੍ਹਾਂ ਤਿੰਨ ਬੰਦਿਆਂ ਦੀ Human Right Commission ਦੁਆਰਾ ਬਣਾਈ ਕਮੇਟੀ ਨੇ

ਦੱਸਿਆ ਕਿ ਫ਼ੌਜ ਲੋਕਾਂ ਨੂੰ ਟੌਰਚਰ ਕਰ ਰਹੀ ਸੀ ਉਹਨਾਂ ਨੂੰ ਮਿਲਿਟੈਂਟਾਂ ਵਾਂਗ ਟਰੀਟ ਕੀਤਾ ਜਾਂਦਾ ਸੀ। ਦੂਜੇ ਪਾਸੇ ਇਹ ਵੀ ਗੱਲ ਸਮਝਣ ਵਾਲੀ ਹੈ ਕਿ ਭਾਰਤ ਦੀ ਕੋਈ ਵੀ ਸਰਕਾਰ ਕਸ਼ਮੀਰ ਨੂੰ ਆਪਣੇ ਤੋਂ ਵੱਖ ਨਹੀਂ ਕਰੇਗੀ। ਭਾਰਤ-ਪਾਕਿ ਵਿਚਕਾਰ ਹੋਈਆਂ ਵੱਡੀਆਂ ਲੜਾਈਆਂ ਦੇ ਬਾਵਜੂਦ ਵੀ ਕਸ਼ਮੀਰ ਦਾ ਕੋਈ ਹੱਲ ਨਹੀਂ ਨਿਕਲ ਪਾਇਆ। ਜਦ ਕਿ ਉਨ੍ਹਾਂ ਲਈ ਲਾਘੇਂ ਜ਼ਰੂਰ ਖੋਲ੍ਹੇ ਗਏ ਜਿਵੇਂ ਕਿ ਵਪਾਰ ਲਈ ਅਤੇ ਸਮੂਹ ਦੀ ਆਵਾਜ਼ਾਈ ਲਈ। ਪਰੰਤੂ ਉਹ ਵੀ ਕੁਝ ਸੀਮਾਵਾਂ ਤਕ। ਦੂਜੇ ਪਾਸੇ ਭਾਰਤ ਵਿਚ ਬਦਲਦੀ ਸਰਕਾਰਾਂ ਕਾਰਨ ਵੀ ਕਸ਼ਮੀਰ ਵਿਚ ਬਹੁਤ ਕੁਝ ਵੇਖਣ ਨੂੰ ਮਿਲਿਆ ਹੈ। ਕਾਂਗਰਸ ਦੇ ਸਮੇਂ ਜਾਂ National Congress ਇਸ ਦਾ ਇਕੋ ਇਕ ਹੱਲ ਖ਼ੁਦਮੁਖਤਿਆਰੀ ਹੀ ਦੱਸਦੀ ਹੈ। ਇਸ ਦੇ ਨਾਲ ਭਾਰਤ ਕੋਲ ਕੁਝ ਅਧਿਕਾਰ ਰਹਿਣਗੇ ਜਿਵੇਂ ਫ਼ੌਜ, ਬਾਹਰੀ ਮਾਮਲੇ ਅਤੇ ਸੰਚਾਰ। ਬਾਕੀ ਸਭ ਕੁਝ ਸੂਬੇ ਦੀ ਸਰਕਾਰ ਕੋਲ ਹੋਣਗੇ। ਪਰੰਤੂ ਜਦਕਿ ਪੀਪਲ ਡੈਮੋਕਰੈਟਿਕ ਪਾਰਟੀ (People Democratic Party) ਦਾ ਕਹਿਣਾ ਹੈ ਕਿ ਇਸ ਦਾ ਹੱਲ ਸਵਰਾਜ ਹੋਣਾ ਚਾਹੀਦਾ ਹੈ। ਉਸ ਦੇ ਬਾਰਡਰ ਦੋਵੇਂ ਹੀ ਦੇਸ਼ਾਂ ਲਈ ਬਰਾਬਰੀ ਤੌਰ ਤੇ ਖੁੱਲ੍ਹੇ ਰਹਿਣ। ਕਸ਼ਮੀਰ ਨੂੰ ਆਜ਼ਾਦ ਕੀਤਾ ਜਾਵੇ, ਜਦ ਕਿ ਲੱਦਾਖ ਕੇਂਦਰ ਸ਼ਾਸ਼ਿਤ ਪ੍ਰਦੇਸ਼ ਵਿਚ ਸ਼ਾਮਿਲ ਕੀਤਾ ਜਾਵੇ। ਜਦਕਿ ਬੀ ਜੇ ਪੀ ਦੁਆਰਾ ਅਜੋਕੇ ਸਮੇਂ ਵਿਚ ਜੰਮੂ ਅਤੇ ਕਸ਼ਮੀਰ, ਅਤੇ ਲੱਦਾਖ ਨੂੰ ਕੇਂਦਰ ਸ਼ਾਸ਼ਿਤ ਪ੍ਰਦੇਸ਼ ਦਾ ਦਰਜਾ ਦੇ ਦਿੱਤਾ ਹੈ। ਜਦੋਂ ਤਕ ਦੋਵੇਂ ਦੇਸ਼ ਇਸ ਮਸਲੇ ਨੂੰ ਪੱਕੇ ਤੌਰ ਤੇ ਸੁਲਝਾਉਣ ਦੀ ਕੋਸ਼ਿਸ਼ ਨਹੀਂ ਕਰਦੇ। ਇਸ ਮਸਲੇ ਨੇ ਇਸ ਤਰ੍ਹਾਂ ਹੀ ਰਹਿਣਾ ਹੈ। ਜਿਵੇਂ ਕਿ Habibullah Khan ਦਾ ਵੀ ਕਹਿਣਾ ਹੈ ਕਿ The struggle of Kashmir is the politics of the impossible ਸਹੀ ਇਹ ਹੋਵਗਾ ਕਿ ਭਾਰਤ ਅਤੇ ਪਾਕਿਸਤਾਨ ਆਪਣੇ-ਆਪਣੇ ਵੰਡੇ ਹੋਏ ਭਾਗ ਨੂੰ ਆਪਣੇ ਕੋਲ ਰੱਖਣ। ਕਸ਼ਮੀਰ ਘਾਟੀ ਵਿਚ 2003 ਤੋਂ ਬਾਅਦ ਹਿੰਸਾ ਵਿਚ ਨਾਟਕੀ ਤੌਰ 'ਤੇ ਕਮੀ ਆਈ ਹੈ, ਪਰ ਇਸ ਨਾਲ ਇਕ ਸਥਿਰ ਸਿਆਸੀ ਵਿਵਸਥਾ ਨਹੀਂ ਬਣੀ ਹੈ। ਕਸ਼ਮੀਰ ਸੰਕਟ ਦੇ ਆਉਣ ਦਾ ਮੁੱਢਲਾ ਕਾਰਨ ਹੀ ਇਹ ਬਣਦਾ ਹੈ ਕਿ ਉਸ ਰਾਜ ਵਿਚ ਨੱਬਵਿਆਂ ਤਕ ਵੀ ਮੁੱਢਲੀਆਂ ਸਹੂਲਤਾਂ ਨਹੀਂ ਆਉਂਦੀਆਂ। ਜਿਸ ਸਬੰਧ ਵਿਚ ਉੱਥੇ ਸਮਾਜਕ, ਰਾਜਨੀਤਕ ਅਤੇ ਆਰਥਿਕ ਸਬੰਧਾਂ 'ਤੇ ਜਗੀਰੂ ਰਿਆਸਤ ਹੀ ਭਾਰੂ ਰਹਿੰਦੀ ਹੈ। ਕਹਿਣ ਤੋਂ ਭਾਵ ਕਿ ਕੁਲੀਨ ਘਰਾਣਿਆਂ ਦਾ ਦਬਦਬਾ ਕਾਇਮ ਰਹਿੰਦਾ ਹੈ। ਦੂਜਾ ਕਾਰਨ ਭਾਰਤੀ ਰਾਸ਼ਟਰ ਦਾ ਮਿਲਿਟੈਂਸੀ ਨੂੰ ਟੈਕਲ ਕਰਨ ਦਾ ਨਜ਼ਰੀਆ ਦਮਨਕਾਰੀ ਸੀ। ਜਿਸ ਦੇ ਪ੍ਰਸੰਗ ਵਿਚ ਭਾਰਤੀ ਰਾਸ਼ਟਰੀ ਰਾਜ ਦੀ ਵਿਕਾਸ ਦੇ ਮਿਸ਼ਨ ਨੂੰ ਉੱਥੋਂ ਦੀ ਲੋਕਾਈ ਤੇ ਥੋਪਣਾ ਜੋਖ਼ਮ ਭਰਿਆ ਸਿੱਧ ਹੋਇਆ। ਉੱਥੋਂ ਦੀ ਲੋਕਾਈ ਦੀ ਸਹਿਮਤੀ ਲਏ ਬਿਨਾਂ ਜਾਂ ਫਿਰ ਆਪਣੇ ਆਰਥਿਕ ਵਿਕਾਸ ਦੇ ਰਾਹੀਂ ਜਨਸਹਿਮਤੀ ਲਈ ਤਿਆਰ ਕਰਨ ਵਿਚ ਨਾਕਾਮਯਾਬੀ ਨੇ ਹੀ ਅਜ਼ਾਦੀ ਦੇ ਪ੍ਰਵਚਨ (Discourse) ਨੂੰ ਪ੍ਰਤਿਚੇਸ਼ਟਾ ਦਿੱਤੀ। ਇਸ ਤਰਾਂ ਮਿਲਿਟੈਂਸੀ ਦੀ ਮਨੋਬਿਰਤੀ ਵੀ ਆਮ ਲੋਕਾਈ ਦੇ ਪ੍ਰਤੀ ਵਿਨਾਸ਼ ਵਾਲੀ ਹੀ ਰਹੀ।

ਕਸ਼ਮੀਰ ਸੰਕਟ ਦੀ ਪੇਸ਼ਕਾਰੀ ਸਾਹਿਤ ਦੇ ਵੱਖ-ਵੱਖ ਰੂਪਾਂ ਵਿਚ ਹੋਈ ਮਿਲਦੀ ਹੈ ਜਿਨ੍ਹਾਂ ਵਿਚੋਂ ਨਾਟਕ, ਕਵਿਤਾ, ਕਹਾਣੀ ਅਤੇ ਨਾਵਲ ਨੂੰ ਵੇਖਿਆ ਜਾ ਸਕਦਾ ਹੈ। ਅਸੀਂ ਜੰਮੂ ਕਸ਼ਮੀਰ ਦੇ ਪੰਜਾਬੀ ਨਾਵਲ ਦੀ ਗੱਲ ਕਰੀਏ ਤਾਂ ਇਹ ਸੱਤਰਵਿਆਂ ਦੇ ਦਹਾਕੇ ਵਿਚ ਲਿਖਿਆ ਜਾਣਾ ਸ਼ੁਰੂ ਹੋਇਆ। ਕਸ਼ਮੀਰ ਸੰਕਟ ਦੇ ਇਤਿਹਾਸ ਨੂੰ ਚਿਤਰਨ ਵਾਲਾ ਸਭ ਤੋਂ ਪਹਿਲਾ ਨਾਵਲ 'ਕਥਾ ਸਤੀਸਰ' (2001) ਹਿੰਦੀ ਭਾਸ਼ਾ ਵਿਚ ਚੰਦਰਕਾਂਤਾ ਦੁਆਰਾ ਲਿਖਿਆ ਗਿਆ। ਇਸ ਨਾਵਲ ਦਾ ਸਮਾਂ ਕਸ਼ਮੀਰੀਆਂ ਦੀ ਆਜ਼ਾਦੀ ਦੀ ਪਹਿਲੀ ਲੜਾਈ 1931 ਈ ਤੋਂ ਸ਼ੁਰੂ ਹੁੰਦਾ ਹੈ। ਇਹ ਨਾਵਲ ਕਸ਼ਮੀਰ ਦੇ ਕਰੀਬ ਸੱਤਰ ਸਾਲਾਂ ਦੇ ਸਮਾਜਕ ਸਭਿਆਚਾਰਕ ਜੀਵਨ ਨੂੰ ਬਾਖ਼ੂਬੀ ਢੰਗ ਨਾਲ ਚਿਤਰਦਾ ਹੈ।

ਪੰਜਾਬੀ ਸਾਹਿਤ ਵਿਚ ਕਸ਼ਮੀਰ ਸੰਕਟ ਦੀ ਪੇਸ਼ਕਾਰੀ ਨੂੰ ਪੇਸ਼ ਕਰਦੇ ਗਿਣਵੇਂ-ਚੁਣਵੇਂ ਨਾਵਲ ਮਿਲਦੇ ਹਨ। ਸਭ ਤੋਂ ਪਹਿਲਾਂ ਨਾਵਲ 'ਰਛਪਾਲ ਸਿੰਘ ਬਾਲੀ' ਦਾ 'ਪੀਢੀਆਂ ਨਾੜਾਂ' 1969 ਵਿਚ ਆਉਂਦਾ ਹੈ। ਜਿਹੜਾ ਕਿ ਦੇਸ਼ਵੰਡ ਵਿਚੋਂ ਉਪਜਦੀ ਖਲਬਲੀ ਅਤੇ ਉਸ ਹਿੰਸਕ ਮਾਹੌਲ ਵਿਚ ਸੰਘਰਸ਼ ਨਾਲ ਜੂਝਦੀ ਜ਼ਿੰਦਗੀ ਦੇ ਬਿਰਤਾਂਤ ਨੂੰ ਯਥਾਰਥਵਾਦੀ ਜੁਗਤਾਂ ਵਿਚ ਪੇਸ਼ ਕਰਦਾ ਹੈ। ਉਸ ਤੋਂ ਬਾਅਦ ਲੇਖਕ ਦੁਆਰਾ ਕਈ ਨਾਵਲਾਂ ਦੀ ਰਚਨਾ ਕੀਤੀ ਗਈ ਜਿਵੇਂ ਸੱਲਾਂ, ਵਾਪਸੀ, ਚਾਹਤ, ਹਿਸਟਰੀਆ, ਹਾਏ ਨੀ ਮਾਏ ਅਤੇ ਮਿੱਟੀ ਦੀ ਸਾਂਝ। ਇਸੇ ਤਰ੍ਹਾਂ 'ਭੁਪਿੰਦਰ ਸਿੰਘ ਰੈਨਾ' ਦਾ ਨਾਵਲ 'ਸਧਰਾਂ ਦੀ ਡੋਲੀ' 1973 ਵਿਚ ਆਉਂਦਾ ਹੈ। ਇਸ ਤੋਂ ਅੱਗੇ 'ਉਜਾਗਰ ਸਿੰਘ ਮਹਿਕ' ਦੁਆਰਾ ਲਿਖਿਆ ਨਾਵਲ 'ਅਨੋਖੇ ਰਾਹ' ਆਉਂਦਾ ਹੈ। ਚੰਦਨ ਨੇਗੀ ਅਜਿਹੀ ਲੇਖਿਕਾ ਹੈ ਜਿਸਦਾ ਪਿਛੋਕੜ ਜੰਮੂ ਕਸ਼ਮੀਰ ਰਿਹਾ ਹੈ ਪਰੰਤੂ ਹੁਣ ਉਹ ਦਿੱਲੀ ਵਿਚ ਰਹਿੰਦੀ ਹੈ। ਉਨ੍ਹਾਂ ਨੇ ਪੰਜਾਬੀ ਵਿਚ 'ਜਲ ਬਿਨ ਕੁੰਭ', 'ਸੂਕੇ ਕਾਸਟ', 'ਮਨ ਦੀ ਬਿਰਥਾ' ਨਾਵਲਾਂ ਦੀ ਰਚਨਾ ਕੀਤੀ। ਅਗਲੇ ਲੇਖਕ


**www.sanvad.org**
ISSN : 2395-1273

ਗੁਰਚਰਨ ਸਿੰਘ ਗੁਲਸ਼ਨ ਹਨ, ਜਿਨ੍ਹਾਂ ਨੇ ਪੰਜਾਬੀ ਵਿਚ 'ਸੂਰਾ' (1996) ਅਤੇ 'ਧੁੱਖਦੀ ਬਰਫ਼' (2003) ਦੋ ਨਾਵਲਾਂ ਦੀ ਰਚਨਾ ਕੀਤੀ। ਇਨ੍ਹਾਂ ਤੋਂ ਅੱਗੇ ਪੰਜਾਬੀ ਵਿਚ ਮਹੱਤਵਪੂਰਨ ਲੇਖਿਕਾ ਸੁਰਿੰਦਰ ਨੀਰ ਦਾ ਨਾਮ ਆਉਂਦਾ ਹੈ ਉਨ੍ਹਾਂ ਨੇ ਕਹਾਣੀਆਂ ਦੇ ਨਾਲ-ਨਾਲ ਤਿੰਨ ਨਾਵਲਾਂ ਦੀ ਵੀ ਰਚਨਾ ਕੀਤੀ। 'ਸ਼ਿਕਾਰਗਾਹ' (2010), ਮਾਇਆ (2012), ਚਸ਼ਮਿ ਬੁਲਬੁਲ (2019) ਦੀ ਰਚਨਾ ਕੀਤੀ। 'ਸ਼ਿਕਾਰਗਾਹ' ਉਨ੍ਹਾਂ ਦੀ ਪ੍ਰਮੁੱਖ ਰਚਨਾ ਹੈ। ਕਹਿ ਸਕਦੇ ਹਾਂ ਕਿ ਜਿਹੜੀ ਗੱਲ ਭੁਪਿੰਦਰ ਸਿੰਘ ਸੂਦਨ ਨੇ ਆਪਣੇ ਨਾਵਲ 'ਗੁਲਮੋਹਰ' ਤੋਂ ਸ਼ੁਰੂ ਕੀਤੀ ਸੀ ਉਸ ਨੂੰ ਸੁਰਿੰਦਰ ਨੀਰ ਦੇ ਨਾਵਲ ਸ਼ਿਕਾਰਗਾਹ ਵਿਚ ਇਸ ਰੁਕੇ ਹੋਏ ਪ੍ਰਵਾਹ ਨੂੰ ਮੁੜ ਤੋਰਿਆ ਹੈ।

ਸੁਰਿੰਦਰ ਨੀਰ ਦੁਆਰਾ ਲਿਖਿਆ ਗਿਆ 'ਸ਼ਿਕਾਰਗਾਹ' ਪੰਜਾਬੀ ਦਾ ਪਹਿਲਾ ਅਜਿਹਾ ਨਾਵਲ ਹੈ ਜਿਸ ਵਿਚ ਕਸ਼ਮੀਰ ਵਾਦੀ ਦੀਆਂ ਸਮਾਜਕ, ਆਰਥਿਕ ਅਤੇ ਸਭਿਆਚਾਰਕ ਪੱਖਾਂ ਦੀ ਪੇਸ਼ਕਾਰੀ ਹੋਈ ਮਿਲਦੀ ਹੈ। ਇਸ ਨਾਵਲ ਨੂੰ ਅਸੀਂ ਕਈਂ ਪੱਖਾਂ ਤੋਂ ਵਿਚਾਰ ਸਕਦੇ ਹਾਂ। ਅਸਲ ਵਿਚ ਨਾਵਲ ਵਿਚ ਉੱਭਰਦਾ ਮੁਖ ਮਸਲਾ ਕਸ਼ਮੀਰੀਆਂ ਦੀ ਸਥਾਨਕਤਾ ਦਾ ਹੈ। ਪਹਿਲਾ ਇਸ ਨਾਵਲ ਵਿਚ ਕਸ਼ਮੀਰ ਦੇ ਸਮਾਜ/ਸਭਿਆਚਾਰਕ ਕੁਦਰਤੀ ਨਜ਼ਾਰੇ ਅਤੇ ਰਾਜਨੀਤਕ ਗੁੰਝਲਦਾਰਤਾ ਨੂੰ ਦਰਸਾਇਆ ਗਿਆ ਹੈ। ਦੂਜਾ ਦਹਿਸ਼ਤਗਰਦੀ ਦੇ ਮਾਹੌਲ ਵਿਚ ਆਮ ਕਸ਼ਮੀਰੀ ਮੁਸਲਮਾਨਾਂ, ਸਿੱਖਾਂ ਅਤੇ ਕਸ਼ਮੀਰੀ ਪੰਡਿਤਾਂ ਦੇ ਆਪਸੀ ਉਲਝੇ ਰਿਸ਼ਤਿਆਂ ਦੀ ਦਾਸਤਾਨ ਨੂੰ ਬਾਖ਼ੂਬੀ ਢੰਗ ਨਾਲ ਪੇਸ਼ ਕੀਤਾ ਗਿਆ ਹੈ ਅਤੇ ਤੀਜੀ ਗੱਲ ਦਹਿਸ਼ਤਗਰਦੀ ਅਤੇ ਉਜਾੜੇ ਦੇ ਮਾਹੌਲ ਵਿਚ ਪੰਜਾਬੀ ਬੰਦੇ ਦੀ ਮਾਨਸਿਕਤਾ ਕਈਂ ਪੱਖਾਂ ਤੋਂ ਵਿਚਰਦੀ ਹੈ, ਨਾਲ ਹੀ ਘੱਟ ਗਿਣਤੀ ਕੌਮਾਂ ਜਿਵੇਂ ਸਿੱਖ ਸਮੂਹ ਨੂੰ ਕੇਂਦਰ ਵਿਚ ਰੱਖ ਕੇ ਉਸ ਭਾਈਚਾਰੇ ਦੀ ਤ੍ਰਾਸਦੀ ਨੂੰ ਪੇਸ਼ ਕਰਦਾ ਹੈ। ਸੰਕਟ ਦੇ ਸਮੇਂ ਵਿਚ ਲੋਕ ਕਿਨ੍ਹਾਂ ਹਲਾਤਾਂ ਵਿਚੋਂ ਗੁਜਰਦੇ ਹਨ। ਨਾਵਲ ਦੀ ਸ਼ੁਰੂਆਤ ਅੱਸੀਵਿਆਂ ਦੇ ਦਹਾਕੇ ਤੋਂ ਨਾ ਹੋ ਕੇ ਬਲਕਿ ਦੇਸ਼ਵੰਡ ਦੀ ਆਜ਼ਾਦੀ ਤੋਂ ਹੀ ਪਹਿਲਾਂ ਦੇ ਮਾਹੌਲ ਨੂੰ ਬਾਖ਼ੂਬੀ ਢੰਗ ਨਾਲ ਚਿਤਰਿਆ ਗਿਆ ਹੈ।

ਕਸ਼ਮੀਰ ਵਿਚ ਵਸਦੀ ਘੱਟਗਿਣਤੀ ਲੋਕਾਈ ਜਿੱਥੋਂ ਤਕ ਗੱਲ ਸਿੱਖਾਂ ਦੀ ਕੀਤੀ ਜਾਵੇ ਤਾਂ ਉਨ੍ਹਾਂ ਦੇ ਸਭਿਆਚਾਰ ਦਾ ਸਬੰਧ ਮਿਲਗੋਭਾ ਹੈ, ਕਹਿਣ ਤੋਂ ਭਾਵ ਹੈ ਕਿ ਉਹ ਪਹਾੜੀ, ਕਸ਼ਮੀਰੀ ਅਤੇ ਪੰਜਾਬੀ ਦਾ ਮਿਸ਼ਰਨ ਹੈ। ਅਸਲ ਵਿਚ ਬਿਰਤਾਂਤਕਾਰ ਕਸ਼ਮੀਰ ਵਿਚ ਵਾਦੀ ਵਿਚ ਵਸਦੇ ਸਿੱਖ ਭਾਈਚਾਰੇ ਦੇ ਸਮਾਜਕ ਸਭਿਆਚਾਰ ਨੂੰ ਚਿਤਰਦੀ ਵਿਖਾਈ ਦਿੰਦਾ ਹੈ। ਕਸ਼ਮੀਰ ਵਿਚ ਵਸ ਰਹੇ ਸਿੱਖ ਨਸਲ ਪੱਖੋਂ ਕਸ਼ਮੀਰੀ ਨਹੀਂ ਹਨ। ਉਹ ਸਮੂਹਿਕ ਤੌਰ ਤੇ ਪੰਜਾਬੀ ਹਨ। ਜਿਵੇਂ ਕਿ P.N.K Bamzai ਆਪਣੀ ਪੁਸਤਕ A History of Kashmir ਵਿਚ ਕਹਿੰਦੇ ਹਨ

> Sikhs are actually Brahmins who were brought from Punjab during the reign of Raja Sukh Jeevan and settled here and became Sikhs under the conversion of Maharaja Ranjit Singh.[5]

ਅਸਲ ਵਿਚ ਕਸ਼ਮੀਰ ਵਿਚ ਸਿੱਖਾਂ ਦੀ ਤਿੰਨ ਥਾਵਾਂ 'ਤੇ ਭਰਮਾਰ ਹੈ। ਉਹ ਹਨ - ਤ੍ਰਾਲ, ਬਾਰਾਮੂਲਾ ਅਤੇ ਮੁਜ਼ਫਰਾਬਾਦ। ਇਹ ਸਭ ਇਲਾਕੇ ਪਹਾੜੀ ਖੇਤਰਾਂ ਨਾਲ ਲੱਗਦੇ ਹਨ। ਇੱਥੋਂ ਹੀ ਸਿੱਖ ਭਾਈਚਾਰੇ ਦੇ ਲੋਕਾਂ ਨੇ ਇਕ ਥਾਂ ਤੋਂ ਦੂਜੀ ਥਾਂ ਅਤੇ ਦੂਜੀ ਥਾਂ ਤੋਂ ਸ਼੍ਰੀਨਗਰ ਵੱਲ ਪਰਵਾਸ ਕੀਤਾ। ਇਸ ਪਰਵਾਸ ਦੇ ਕਈਂ ਸਿਆਸੀ ਅਤੇ ਆਰਥਿਕ ਕਾਰਨ ਸਨ। ਸ਼੍ਰੀਨਗਰ ਇਤਿਹਾਸਕ ਇਲਾਕਾ ਹੈ, ਜਿਹੜਾ ਕਈਂ ਸਦੀਆਂ ਤੋਂ ਵਸ ਰਿਹਾ ਹੈ। ਇੱਥੇ ਬਹੁਤ ਸਾਰੇ ਸਿੱਖ ਪਨਾਹ ਲੈਂਦੇ ਹਨ। ਦੂਜੀ ਗੱਲ ਮੁਜ਼ਫਰਾਬਾਦ ਵੰਡ ਵੇਲੇ ਪਾਕਿਸਤਾਨ ਦੇ ਹਿੱਸੇ ਚਲਿਆ ਗਿਆ। ਸਿੱਖ ਭਾਈਚਾਰਾ ਇੱਥੇ ਕਾਫ਼ੀ ਅਰਸਿਆਂ ਤੋਂ ਵਸੇ ਰਹਿਣ ਕਾਰਨ ਆਪਣੀ ਵੱਖਰੀ ਇੰਡੈਂਟਿਟੀ ਵੀ ਰੱਖਦਾ ਹੈ। ਇਹ ਨਾਵਲ ਉਸ ਆਤੰਕ ਦੀ ਤਸਵੀਰ ਨੂੰ ਸਾਡੇ ਸਾਹਮਣੇ ਪੇਸ਼ ਕਰਦਾ ਹੈ। ਲੇਖਿਕਾ ਨੇ ਨਾਵਲ ਵਿਚ ਕਸ਼ਮੀਰ ਦੇ ਬਹੁਭਾਸ਼ਾਈ ਖਿੱਤੇ, ਪਰੰਪਰਕ ਸਭਿਆਚਾਰਕ ਸਾਂਝ, ਬਹੁਧਰਮੀ ਅਤੇ ਬਹੁਨਸਲੀ ਆਦਿ ਨਾਲ ਇਕ-ਮਿਕ ਹੁੰਦੇ ਹੋਏ ਹਿੰਦੂ, ਮੁਸਲਮਾਨ ਅਤੇ ਸਿੱਖ ਭਾਈਚਾਰੇ ਦੀ ਸਾਂਝ ਨੂੰ ਸਥਾਈ ਤੌਰ ਤੇ ਪੇਸ਼ ਕਰਦੀ ਹੈ। ਉੱਥੇ ਹੀ ਦੂਜੇ ਪਾਸੇ ਸੁਰਿੰਦਰ ਨੀਰ ਕਸ਼ਮੀਰ ਦੀਆਂ ਵਾਦੀਆਂ ਵਿਚ ਫੈਲੀ ਅਜੀਬ ਸੰਨਸਨਾਹਟ, ਅਸੁਰੱਖਿਆ ਅਤੇ ਅੰਦਰੋ-ਅੰਦਰੀ ਬਣ ਰਹੇ ਵਿਸਫੋਟਾਂ ਦੀ ਕੰਨਸੋ ਨੂੰ ਵਿਸਥਾਰ ਨਾਲ ਪੇਸ਼ ਕਰਦੀ ਹੈ। ਨਾਵਲ ਵਿਚ ਮੋੜ ਉਦੋਂ ਆਉਣਾ ਸ਼ੁਰੂ ਹੁੰਦਾ ਹੈ ਜਦੋਂ ਭਾਰਤ-ਪਾਕਿਸਤਾਨ ਦੇ ਕ੍ਰਿਕਟ ਮੈਚ ਦੌਰਾਨ ਕਸ਼ਮੀਰੀ ਮੁਸਲਮਾਨ ਪਾਕਿਸਤਾਨ ਦੀ ਜਿੱਤ ਅਤੇ 'ਪਾਕਿਸਤਾਨ ਜ਼ਿੰਦਾਬਾਦ' ਦੇ ਨਾਅਰੇ ਲਗਾਉਂਦੇ ਹਨ ਅਤੇ ਦੂਜੇ ਪਾਸੇ ਵਾਦੀ ਵਿਚ ਦੀਪਮਾਲਾ ਕੀਤੀ ਜਾਂਦੀ ਹੈ। ਇੱਥੇ ਇਹ ਸਾਬਿਤ ਹੁੰਦਾ ਹੈ ਕਿ ਕਸ਼ਮੀਰੀ ਬਹੁਗਿਣਤੀ ਮੁਸਲਿਮ ਸਮਾਜ ਆਪਣੀਆਂ ਸਿਆਸੀ, ਆਰਥਿਕ ਅਤੇ ਸਮਾਜਕ ਗਤੀਵਿਧੀਆਂ ਦੀਆਂ ਛੋਟੀਆਂ-ਛੋਟੀਆਂ ਖ਼ੁਸ਼ੀਆਂ ਨੂੰ ਪਾਕਿਸਤਾਨ ਨਾਲ

ਸਾਂਝ ਪਾਉਣ ਅਤੇ ਭਾਰਤੀ ਸਟੇਟ ਖ਼ਿਲਾਫ ਖੜਿਆ ਹੈ। ਜਿਵੇਂ ਕਿ ਡਾ. ਧਨਵੰਤ ਕੌਰ ਦਾ ਕਹਿਣਾ ਹੈ ਕਿ

> ਅਜਿਹੀ ਸਥਿਤੀ ਵਿਚ ਬਹੁਧਰਮੀ, ਬਹੁਨਸਲੀ, ਬਹੁਭਾਸ਼ੀ ਮਿੱਸ ਰੱਖਣ ਵਾਲੇ ਸੈਕੂਲਰ, ਸੰਯੁਕਤ, ਸਾਂਝੇ ਕਸ਼ਮੀਰੀ ਸਭਿਆਚਾਰ ਦਾ ਸੰਕਟਾਂ ਵਿਚ ਘਿਰ ਜਾਣਾ ਤੈਅ ਹੈ। ਜਿਵੇਂ ਹਥਿਆਰਬੰਦ ਨਕਾਬਪੋਸ਼ ਕਸ਼ਮੀਰ ਦੀ ਧਰਤੀ ਤੋਂ ਗੈਰ ਮੁਸਲਮਾਨਾਂ ਨੂੰ ਉਖਾੜਨ, ਉਜਾੜਨ ਜਾਂ ਥੱਲੇ ਲਾ ਆਪਣੀ ਚੌਧਰ ਸਥਾਪਤ ਕਰਨ ਲਈ ਹਿੰਸਕ ਤੇ ਬੇਦੀਨੇ ਹੋਣ ਲੱਗਦੇ ਹਨ ਤਿਵੇਂ ਤਿਵੇਂ ਕਸ਼ਮੀਰ ਦੀ ਧਰਤੀ ਤੇ ਜੰਮੀਆਂ ਪਲੀਆਂ ਚਿਰੋਕਣੀਆਂ ਵਸੀਆਂ ਹਿੰਦੂ ਸਿੱਖ ਘੱਟ ਗਿਣਤੀਆਂ ਦਾ ਜੀਣਾ ਮੁਹਾਲ ਹੁੰਦਾ ਜਾਂਦਾ ਹੈ।[6]

ਇੱਥੇ ਇਹ ਸਾਬਿਤ ਹੁੰਦਾ ਹੈ ਕਿ ਬਿਰਤਾਂਤ ਵਿਚ ਆਤੰਕ, ਖੌਫ਼ ਦੇ ਕਾਰਨ ਘੱਟ ਗਿਣਤੀ ਦੇ ਲੋਕ ਖਾਸ ਕਰ ਸਿੱਖ ਭਾਈਚਾਰਾ ਇਸ ਨੂੰ ਆਪਣੇ ਹੱਡੀ ਹੰਢਾਉਂਦਾ ਹੈ। ਪਰੰਤੂ ਦੂਜੇ ਪਾਸੇ ਇਹ ਵੀ ਸਮਝਣ ਵਾਲੀ ਗੱਲ ਹੈ ਕਿ ਇਸ ਖੌਫ ਨੂੰ ਹੰਢਾਉਣਾ ਪੰਜਾਬੀਆਂ ਲਈ ਕੋਈ ਨਵਾਂ ਨਹੀਂ ਸੀ। ਉਸ ਭਾਈਚਾਰੇ ਨੇ ਇਹ ਸਭ ਆਪਣੇ ਖਿੱਤੇ ਵਿਚ ਵੀ ਹੰਢਾਇਆ ਹੈ ਅਤੇ ਪਰਾਈ ਧਰਤੀ ਤੇ ਵੀ। ਪਹਿਲੀ ਧਿਰ ਹਥਿਆਰਬੰਦ ਸਮੂਹ ਦੀ ਭਾਵ ਜਿਸਦੇ ਹੱਥ ਵਿਚ ਹਥਿਆਰ ਹਨ। ਦੂਜੀ ਧਿਰ ਆਮ ਲੋਕਾਂ ਦੀ ਜਿਹੜੀ ਇਸ ਦੀ ਦਹਿਸ਼ਤ ਨੂੰ ਝੱਲ ਰਹੀ ਹੈ ਉਸ ਵਿਚ ਕਸ਼ਮੀਰੀ ਪੰਡਿਤ, ਸਿੱਖ ਅਤੇ ਹੋਰ ਘੱਟ ਗਿਣਤੀ ਦੇ ਲੋਕ ਹਨ। ਤੀਜੀ ਧਿਰ ਭਾਰਤੀ ਸਟੇਟ ਦੀ ਜਿਸ ਨੂੰ ਅਸੀਂ ਪੁਲਿਸ ਅਤੇ ਫੌਜ ਵਿਚ ਵੰਡ ਸਕਦੇ ਹਾਂ। ਇਸ ਕਾਰਗੁਜ਼ਾਰੀ ਨੂੰ ਦਰਸਾਉਂਦੇ ਹੋਏ ਬਿਰਤਾਂਤਕਾਰ ਨੇ ਘੜੇ ਗਏ ਤਿੰਨੋਂ ਪਾਤਰ ਪੁਲਿਸ ਵਿਚ ਕੁੱਕੂ, ਅਮਨਦੀਪ ਸਿੰਘ, ਰਾਜਬੀਰ ਸਿੰਘ ਅਤੇ ਫ਼ੌਜ ਵਿਚ ਸਰਵਮੀਤ ਸਿੰਘ ਸਟੇਟ ਨੂੰ ਪਿੱਛੇ ਰੱਖ ਕੇ ਆਪਣੇ ਸਿੱਖ ਭਾਈਚਾਰੇ ਪ੍ਰਤੀ ਵੱਧ ਕਾਰਗੁਜ਼ਾਰ ਹਨ। ਪਰੰਤੂ ਦੂਜੇ ਪਾਸੇ ਸਿੱਖਾਂ ਨਾਲ ਸਾਂਝ ਪਾਉਂਦੇ ਮੁਸਲਮਾਨ ਭਾਈਚਾਰੇ ਦੇ ਦੋ ਤਿੰਨ ਹੀ ਪਾਤਰ ਮੁਸਤਫ਼ਾ, ਨਸੀਮਾਂ, ਸ਼ਫ਼ਕਤ ਹੀ ਦਰਸਾਏ ਹਨ। ਇਸ ਗੱਲ ਨੂੰ ਇਸ ਤਰਾਂ ਵੀ ਸਮਝਿਆ ਜਾ ਸਕਦਾ ਹੈ ਕਿ ਲੇਖਿਕਾ ਦਾ ਮਕਸਦ ਕਸ਼ਮੀਰ ਵਿਚ ਵਸਦੇ ਸਿੱਖ ਭਾਈਚਾਰੇ ਨੂੰ ਹੀ ਦਿਖਾਉਣਾ ਸੀ। ਇਸ ਸਭ ਦੇ ਵਿਚ ਬਿਰਤਾਂਤਕਾਰ ਬਲਵਿੰਦਰ ਕੌਰ ਉਰਫ਼ ਨਿੱਕੀ ਨੂੰ ਮੁੱਖ ਪਾਤਰ ਵੱਜੋਂ ਸੂਖਮਤਾ ਅਤੇ ਸਥੂਲਤਾ ਵੱਜੋਂ ਪੇਸ਼ ਕਰਦੀ ਹੈ। ਦਹਿਸ਼ਤਗਰਦੀ ਹੇਠ ਘੱਟ ਗਿਣਤੀ ਦੀਆਂ ਕਈਂ ਧਿਰਾਂ ਸਨ ਪਰੰਤੂ ਉਹ ਮੁਖ ਤੌਰ ਤੇ ਕਸ਼ਮੀਰੀ ਪੰਡਿਤਾਂ ਨੂੰ ਹੀ ਉੱਥੋਂ ਖਾਰਜ ਕਰਨਾ ਚਾਹੁੰਦੇ ਸਨ। ਅਜਿਹੀ ਖੌਫ਼ਨਾਕ ਸਥਿਤੀ ਕਸ਼ਮੀਰੀ ਪੰਡਤਾਂ ਅਤੇ ਆਮ ਲੋਕਾਈ ਨੂੰ ਨਿਸ਼ਾਨਾ ਬਣਾਉਂਦੀ ਹੈ। ਮੁਜਾਹਿਦਾਂ ਦੁਆਰਾ ਕਸ਼ਮੀਰ ਵਿਚੋਂ ਪੰਡਤਾਂ ਨੂੰ ਕੱਢਣ ਦਾ ਕਾਰਜ ਕੀਤਾ ਗਿਆ, ਪਰੰਤੂ ਉਹ ਸਿੱਖ ਭਾਈਚਾਰੇ ਨੂੰ ਟਾਰਗੈਟ ਨਹੀਂ ਸੀ ਕਰਨਾ ਚਾਹੁੰਦੇ। ਉਸ ਖੌਫ਼ ਦੇ ਦਬਦਬੇ ਹੇਠ ਜ਼ਰੂਰ ਰੱਖ ਰਹੇ ਸਨ।

### ਔਰਤ ਦੇ ਸੰਤਾਪ ਅਤੇ ਸਦਮਿਆਂ ਦੀ ਪੇਸ਼ਕਾਰੀ

ਅਸਲ ਵਿਚ ਸਾਹਿਤਕ ਬਿਰਤਾਂਤ ਸੰਕਟ ਦੇ ਸਮੇਂ ਦੀਆਂ ਘਟਨਾਵਾਂ ਨੂੰ ਪੇਸ਼ ਕਰਦਾ ਹੋਇਆ, ਉਹਨਾਂ ਖਿਆਲਾਂ ਦਾ ਬੁਲਾਰਾ ਬਣਦਾ ਹੈ ਜਿਹੜੇ ਇਤਿਹਾਸਕ ਸਿਰਜਣਾ ਦੇ ਕਾਰਨ ਹਨ। ਔਰਤ ਉੱਪਰ ਹਮੇਸ਼ਾ ਤੋਂ ਹੀ ਧਰਮ, ਸੱਤਾ, ਜ਼ੁਲਮ ਅਤੇ ਅਨਿਆ ਭਾਰੂ ਰਿਹਾ ਹੈ। ਜੇ ਨਾਰੀ ਪੱਖ ਤੋਂ ਨਾਵਲ ਨੂੰ ਸਮਝਣ ਦੀ ਕੋਸ਼ਿਸ਼ ਕਰੀਏ ਤਾਂ ਪਹਿਲਾ ਕਾਰਨ ਇਹ ਬਣਦਾ ਹੈ ਕਿ ਇਹ ਨਾਵਲ ਇਕ ਔਰਤ ਲੇਖਿਕਾ ਦੀ ਰਚਨਾ ਹੈ। ਇਕ ਔਰਤ ਬਿਰਤਾਂਤ ਨੂੰ ਮੌਕਾ-ਮੇਲ ਦੀ ਵਿਧੀ ਰਾਹੀਂ ਰਚਦੀ ਹੈ। ਇਸ ਤਰਾਂ ਔਰਤ ਲੇਖਿਕਾਵਾਂ ਆਪਣੇ ਪਾਤਰਾਂ ਨੂੰ ਆਜ਼ਾਦੀ ਵੱਲ ਤੋਰਦੀਆਂ ਹਨ। ਉਧਾਲੇ ਜਾਣ ਨੂੰ ਲੈ ਕੇ ਪੰਜਾਬੀ ਸਾਹਿਤ ਵਿਚ ਬਹੁਤ ਸਾਰੇ ਨਾਵਲ ਅਤੇ ਕਹਾਣੀਆਂ ਲਿਖੀਆਂ ਗਈਆਂ ਹਨ। ਖਾਸਕਰ ਕੁਲਵੰਤ ਸਿੰਘ ਵਿਰਕ ਦੀ ਕਹਾਣੀ 'ਖੱਬਲ'। 'ਅੰਮ੍ਰਿਤਾ ਪ੍ਰੀਤਮ' ਦਾ ਨਾਵਲ 'ਪਿੰਜਰ' ਦਾ ਜ਼ਿਕਰ ਕੀਤਾ ਜਾ ਸਕਦਾ ਹੈ।

ਸੰਕਟ ਦੇ ਸਮਿਆਂ ਵਿਚ ਔਰਤ ਦੁਆਰਾ ਹੰਢਾਏ ਜਾ ਰਹੀ ਪੀੜਾ ਇਕ ਸਮਰਿੱਥ ਬਣਦੀ ਹੈ। 'ਉਧਾਲਿਆ' ਜਾਣਾ ਅਤੇ 'ਰੇਪ' ਜਿੱਥੇ ਇਕ ਸਭਿਆਚਾਰਕ ਸਮੂਹ ਨੂੰ ਟਾਰਗੇਟ ਕਰਨਾ ਵੀ ਹੈ, ਉੱਥੇ ਹੀ ਦੂਜੇ ਪਾਸੇ ਉਸ ਨੂੰ ਪਛਾੜਨ ਦੀ ਕੋਸ਼ਿਸ਼ ਕਰਨਾ ਵੀ ਹੈ। ਜਿਵੇਂ 'ਗੁਲਾਮੇ' ਮੁਜਾਹਿਦ ਦੁਆਰਾ 'ਬਿੰਦੋ' ਨੂੰ ਉਧਾਲੇ ਜਾਣ ਪਿੱਛੋਂ ਉਸ ਨੂੰ ਆਪਣੀ ਬਰਾਦਰੀ ਵਿਚ ਸ਼ਾਬਾਸ਼ੀ ਮਿਲਦੀ ਹੈ।

ਲੇਖਿਕਾ ਦੁਆਰਾ ਰਚੇ ਗਏ ਇਸ ਨਾਵਲ ਵਿਚ ਸਾਰਿਆਂ ਤੋਂ ਵੱਧ ਪਾਸਾਰ ਸੰਕਟ ਸਮੇਂ ਦੀ ਔਰਤ ਦੇ ਜਖ਼ਮਾਂ ਦੀ ਨਿਸ਼ਾਨਦੇਹੀ ਕਰਦੇ ਹਨ। ਜਦਕਿ ਉਹ ਨਾ ਤਾਂ ਸੰਕਟ ਨੂੰ ਪੈਦਾ ਕਰਨ ਵਿਚ ਕੋਈ ਹਿੱਸਾ ਪਾਉਂਦੀ ਹੈ ਅਤੇ ਨਾ ਹੀ ਉਸ ਨੂੰ ਲੜਨ ਵਿਚ। ਸੰਕਟ ਦੇ ਸਮੇਂ ਵਿਚ ਔਰਤ ਸਮਾਜਕ ਗਤੀਵਿਧੀਆਂ ਨੂੰ ਸਾਂਝਪੂਰਕ


www.sanvad.org
ISSN : 2395-1273

ਤਰੀਕੇ ਨਾਲ ਨਿਭਾਉਣ ਦੀ ਕੋਸ਼ਿਸ਼ ਕਰਦੀ ਹੈ। ਸੰਕਟ ਦੇ ਸਮਿਆਂ ਵਿਚ ਉਨ੍ਹਾਂ ਔਰਤਾਂ/ਮਾਵਾਂ ਦੀ ਹੋਣੀ ਬੜੀ ਤ੍ਰਾਸਦਿਕ ਹੁੰਦੀ ਹੈ। ਜਿਨ੍ਹਾਂ ਦੇ ਪਤੀ, ਪੁੱਤਰ, ਭਰਾ ਕਿਸੇ ਕਾਰਨ ਕਰਕੇ ਭਾਰਤੀ ਸਟੇਟ ਦੇ ਖਿਲਾਫ਼ ਕਸ਼ਮੀਰ ਦੇ ਹਥਿਆਰਬੰਦ ਸੰਘਰਸ਼ ਵਿਚ ਭਾਗ ਲੈ ਲੈਂਦੇ ਹਨ। ਪਿੱਛੋਂ ਉਨ੍ਹਾਂ ਮਾਵਾਂ/ਭੈਣਾਂ ਦੇ ਹਾਲਾਤ ਜਿਉਂਦੇ ਜੀਅ ਮਰਿਆ ਵਰਗੇ ਹੋ ਜਾਂਦੇ ਹਨ। ਜਿਵੇਂ ਨਾਵਲ ਵਿਚ ਨਸੀਮਾਂ ਦਾ ਭਰਾ 'ਮੁਸਤਫਾ' ਅਤੇ ਉਸਦਾ ਮੰਗੇਤਰ 'ਸਲੀਮ' ਮੁਜਾਹਿਦਾਂ ਨਾਲ ਰਲ ਕੇ ਭਾਰਤੀ ਸਟੇਟ ਖਿਲਾਫ਼ ਹੋ ਜਾਂਦੇ ਹਨ ਅਤੇ ਉਸ ਤੋਂ ਬਾਅਦ ਨਸੀਮਾਂ ਨੂੰ ਵੀ ਮੁਜਾਹਿਦਾਂ ਦੁਆਰਾ ਮਾਰ ਦਿੱਤਾ ਜਾਂਦਾ ਹੈ। ਕਿਉਂਕਿ ਮੁਜਾਹਿਦਾਂ ਅਨੁਸਾਰ ਉਹ ਭਾਰਤੀ ਫ਼ੌਜ ਦੀ ਮੁਖ਼ਬਰ ਬਣ ਚੁੱਕੀ ਸੀ। ਲੇਖਿਕਾ ਦੁਆਰਾ ਜਿਸ ਤਰਾਂ ਦੀ ਹੋਣੀ ਨਸੀਮਾਂ ਨਾਲ ਦਿਖਾਈ ਗਈ ਹੈ, ਉਸ ਤਰ੍ਹਾਂ ਦਾ ਮੈਟਾਫ਼ਰ ਕਸ਼ਮੀਰ ਰਹਿੰਦੀ ਹਰੇਕ ਜੁਆਨ ਔਰਤ ਦੀ ਤ੍ਰਾਸਦੀ ਹੈ। ਕਿਉਂਕਿ ਉਹਨਾਂ ਲਈ ਔਰਤ ਇਕ ਅਯਾਸ਼ੀ ਅਤੇ ਜਸ਼ਨ ਦਾ ਸਾਧਨ ਹੈ। ਦੂਜੇ ਪਾਸੇ ਕਸ਼ਮੀਰੀ ਔਰਤਾਂ ਭਾਰਤੀ ਸਟੇਟ ਫ਼ੌਜ ਦੀ ਇਕ ਹੋਰ ਹੋਣੀ ਨੂੰ ਭੋਗਦੀਆਂ ਹਨ। ਸੰਕਟ ਦੇ ਸਮੇਂ ਵਿਚ ਫ਼ੌਜ ਨੂੰ ਮਿਲੇ ਵਾਧੂ ਅਧਿਕਾਰਾਂ (AFSPA) ਤਹਿਤ ਉਹ ਔਰਤ ਨੂੰ ਮਾਨਸਿਕ ਅਤੇ ਸਰੀਰਕ ਪੱਖੋਂ ਟੌਰਚਰ ਕਰਦੇ ਹਨ। ਉੱਥੇ ਹੀ ਸੰਕਟ ਦੇ ਸਮੇਂ ਕਿਸੇ ਦਾ ਨੌਜਵਾਨ ਭਰਾ, ਪਤੀ ਅਤੇ ਪਿਉ ਗਾਇਬ ਹਨ। ਜਿੱਥੇ ਸਮਾਜਕ, ਮਾਨਸਿਕ ਅਤੇ ਆਰਥਿਕ ਸੰਤਾਪ ਨੂੰ ਹੰਢਾਉਂਦੀਆਂ ਔਰਤਾਂ ਹੀ ਰਹਿ ਜਾਂਦੀਆਂ ਹਨ।

ਸੰਪੂਰਨ ਰੂਪ ਵਿਚ ਅਸੀਂ ਇਹ ਕਹਿ ਸਕਦੇ ਹਾਂ ਕਿ ਇਸ ਨਾਵਲ ਵਿਚ ਸਿਰਜਿਆ ਗਿਆ। ਬਿਰਤਾਂਤ ਘੱਟ ਗਿਣਤੀਆਂ ਖ਼ੌਫ਼ ਫੋਕਸ 'ਚ ਰਹਿੰਦੇ ਹਨ। ਲੇਖਿਕਾ ਦੁਆਰਾ ਇਕ ਪਾਸੇ ਸਾਂਝੇ ਭਾਈਚਾਰਕ ਵਰਤਾਰੇ ਅਤੇ ਦੂਜੇ ਪਾਸੇ ਦਹਿਸ਼ਤ ਨੂੰ ਪੇਸ਼ ਕਰਦੀ ਹੋਈ ਬਿਰਤਾਂਤ ਨੂੰ ਬੁਣਦੀ ਹੈ। ਉੱਥੇ ਇਹ ਨਾਵਲ ਇਤਿਹਾਸ ਦੀ ਸਮਝ ਤੋਂ ਸੱਖਣਾ ਰਹਿ ਜਾਂਦਾ ਹੈ। ਮੁਸਲਿਮ ਲੋਕ ਕਿਹੜੀਆਂ ਮਜ਼ਬੂਰੀਆਂ ਦੇ ਕਾਰਨ ਇਸ ਦਹਿਸ਼ਤ ਵਾਲੇ ਰਾਹ ਤੇ ਪੈਂਦੇ ਹਨ ਅਤੇ ਨੌਜਵਾਨ ਕਿਉਂ ਹਥਿਆਰ ਚੁੱਕਦੇ ਹਨ? ਇਸਦਾ ਕੋਈ ਠੋਸ ਹਵਾਲਾ ਨਾਵਲ ਵਿਚ ਨਜ਼ਰ ਨਹੀਂ ਆਉਂਦਾ। ਪਰੰਤੂ ਇਹ ਭਾਈਚਾਰਕ ਸਾਂਝ ਕਿਹੜੇ ਕਾਰਨਾਂ ਦੇ ਕਾਰਨ ਤਿੜਕਦੀ ਹੈ, ਉਸ ਦਾ ਵੇਰਵਾ ਨਜ਼ਰ ਨਹੀਂ ਆਉਂਦਾ। 'ਮੁਸਤਫਾ' ਅਤੇ 'ਸਲੀਮ' ਜਿਹੇ ਨੌਜਵਾਨਾਂ ਦਾ ਅਚਾਨਕ ਮੁਜਾਹਿਦਾਂ ਨਾਲ ਜੁੜ ਜਾਣਾ। ਕੋਈ ਵਾਜਿਬ ਘਟਨਾ ਨਾਵਲ ਵਿਚ ਦਿਖਾਈ ਨਹੀਂ ਦਿੰਦੀ। ਬਸ ਉਹ ਭਾਰਤ ਦੇ ਕਬਜੇ ਵਾਲੇ ਕਸ਼ਮੀਰ ਦੀ ਮੰਗ ਕਰਦੇ ਹਨ ਅਤੇ ਆਤੰਕਵਾਦੀ ਹਨ। 'ਸ਼ਿਕਾਰਗਾਹ' ਦੀ ਤੁਲਨਾ ਵਿਚ ਜੇਕਰ ਅਸੀਂ ਅਰੁੰਧਤੀ ਰਾਇ ਦੇ ਨਾਵਲ 'ਅਪਾਰ ਖੁਸ਼ੀ ਦਾ ਘਰਾਣਾ' ਨੂੰ ਦੇਖੀਏ ਤਾਂ ਇਸ ਵਿਚ ਭਾਰਤੀ ਫ਼ੌਜ ਦੁਆਰਾ ਕੀਤੇ ਗਏ ਇੰਨਕਾਊਂਟਰਾਂ ਅਤੇ ਕਤਲੋਗ਼ਾਰਤ ਦੇ ਤਸਵੀਰ ਵਿਉਂਤਵਾਰ ਪੇਸ਼ ਕੀਤੀ ਗਈ ਮਿਲਦੀ ਹੈ। ਕਸ਼ਮੀਰ ਦੇ ਘਟਨਾਕ੍ਰਮ ਦੀ ਗੁੰਝਲਤਾ ਅਤੇ ਇਤਿਹਾਸਕਤਾ ਨੂੰ ਬੜੇ ਵਿਸਤਾਰ ਨਾਲ ਪੇਸ਼ ਕੀਤਾ ਗਿਆ ਹੈ। ਨਾਵਲ ਦੀ ਉਪ-ਕਥਾ ਵਿਚ ਦੋ ਮਿਲੀਟੈਂਟਾਂ ਦਾ ਕਤਲ਼ ਹੁੰਦਾ ਹੈ। ਇਹ ਕਤਲ਼ ਉਹਨਾਂ ਦੀ ਆਪਸੀ ਦੁਸ਼ਮਣੀ ਜਾਂ ਸਮੂਹ ਦੇ ਕਾਰਨ ਹੁੰਦਾ ਹੈ। ਉਸ ਤੋਂ ਬਾਅਦ ਭਾਰਤ ਦੀ ਫ਼ੌਜ ਅਤੇ ਪ੍ਰੈੱਸ ਮੀਡੀਆ ਦੇ ਅੰਦਰ ਇਸ ਘਟਨਾ ਦੀ ਰਿਪੋਰਟਿੰਗ ਵੱਖਰੇ ਤਰੀਕੇ ਨਾਲ ਪੇਸ਼ ਹੁੰਦੀ ਹੈ। ਜਦਕਿ ਪਹਿਲੀ ਘਟਨਾ ਨੂੰ ਮੀਡੀਆ ਦੁਆਰਾ ਖਾੜਕੂ ਨੂੰ ਫ਼ੌਜ ਤੇ ਪੁਲਿਸ ਦੀ ਅਧੀਨਗੀ ਹੇਠ ਮਾਰਿਆ ਦਿਖਾਇਆ ਜਾਂਦਾ ਹੈ ਅਤੇ ਦੂਜੇ ਨੂੰ ਆਤੰਕਵਾਦੀਆਂ ਦੁਆਰਾ ਕੀਤੇ ਕਤਲ਼ ਦਾ ਅੰਜ਼ਾਮ ਦਿੱਤਾ ਜਾਂਦਾ ਹੈ। ਭਾਰਤੀ ਫ਼ੌਜ ਅਤੇ ਮੀਡੀਆ ਦੇ ਤਹਿਤ ਇਸ ਸੱਚ ਨੂੰ ਦਬਾਅ ਦਿੱਤਾ ਜਾਂਦਾ ਹੈ। ਉਸ ਹਵਾਲੇ ਨਾਲ 'ਸ਼ਿਕਾਰਗਾਹ' ਵਿਚ ਜ਼ੁਲਮ ਅਤੇ ਘਟਨਾਵਾਂ ਅਣਕਹੀਆਂ ਛੱਡ ਦਿੱਤੀਆਂ ਜਾਂਦੀਆਂ ਹਨ।

ਜਿਸ ਤਰ੍ਹਾਂ ਸੁਰਿੰਦਰ ਨੀਰ 'ਸ਼ਿਕਾਰਗਾਹ' ਵਿਚ ਘੱਟ ਗਿਣਤੀ ਖਾਸ ਕਰ ਸਿੱਖ ਭਾਈਚਾਰੇ ਨੂੰ ਕੇਂਦਰ ਵਿਚ ਰੱਖ ਕੇ ਬਿਰਤਾਂਤ ਨੂੰ ਰਚਦੀ ਹੈ। ਉਸੇ ਤਰ੍ਹਾਂ 'ਚਸ਼ਮਿ ਬੁਲਬੁਲ' ਵਿਚ ਮੁਸਲਿਮ ਪਰਿਵਾਰ ਦੀ ਕਥਾ ਨੂੰ ਬਿਆਨ ਕੀਤਾ ਗਿਆ ਹੈ। ਜਿਸ ਵਿਚ ਲੇਖਿਕਾ ਰਾਹੀਂ ਕਸ਼ਮੀਰ ਅਤੇ ਕਸ਼ਮੀਰੀਆਂ ਦੀ ਆਰਥਿਕ, ਰਾਜਸੀ, ਸਮਾਜਕ, ਲੋਕਧਰਾਈ ਅਤੇ ਮੌਜੂਦਾ ਪਰਸਥਿਤੀਆਂ ਨੂੰ ਇਤਿਹਾਸਕ ਸੰਦਰਭ ਵਿਚ ਰੱਖ ਕੇ ਪੇਸ਼ ਕੀਤਾ ਗਿਆ ਹੈ। ਬਲਕਿ ਇਸ ਵਿਚ ਕਿਰਤੀਆਂ, ਦਸਤਕਾਰਾਂ, ਕਲਾਕਾਰਾਂ ਅਤੇ ਕਸ਼ਮੀਰੀ ਸੂਫ਼ੀ ਪਰੰਪਰਾ ਦੀ ਦਾਰਸ਼ਨਿਕਤਾ ਦੇ ਵੱਖਰੇ ਸਬੰਧ ਨੂੰ ਪੇਸ਼ ਕੀਤਾ ਗਿਆ ਹੈ। ਇਸ ਸੂਫ਼ੀ ਪਰੰਪਰਾ ਅਤੇ ਕਾਨੀਸ਼ਾਲ ਦਾ ਸਬੰਧ ਬਜ਼ਾਰ ਵਿਚ ਵੇਚੀ ਜਾਣ ਵਾਲੀ ਉਸ ਵਸਤ ਵਾਂਗ ਨਹੀਂ ਹੈ ਜਿਸ ਤਰਾਂ ਦੀ ਅਲਗਾਵ ਪੂੰਜੀਵਾਦੀ ਵਿਵਸਥਾ ਹੇਠ ਹੁੰਦਾ ਹੈ। ਸਰਮਾਏਦਾਰ ਬਜ਼ਾਰ ਸਿਰਫ਼ ਇਕ ਆਰਥਿਕ ਢਾਂਚਾ ਹੀ ਨਹੀਂ, ਬਲਕਿ ਇਹ ਆਪਣੇ ਨਾਲ ਕਈਂ ਉਪਭੋਗਤਾ ਅਤੇ ਲਾਲਚ ਦੇ ਪੜਾਵਾਂ ਨੂੰ ਵੀ ਲਿਆਉਂਦਾ ਹੈ। ਜਿਹੜਾ ਕਿ ਮਨੁੱਖੀ ਰਿਸ਼ਤਿਆਂ ਦੀ ਅੰਦਰੂਨੀ ਤੈਹਾਂ ਨੂੰ ਨਸ਼ਟ ਕਰਕੇ ਮਖੌਟੇ ਤਕ ਸੀਮਤ ਕਰ ਦਿੰਦਾ ਹੈ। ਬਿਰਤਾਂਤਕਾਰ ਦਾ ਕੇਂਦਰ ਵੀ ਸਰਮਾਏਦਾਰੀ ਬਜ਼ਾਰੂ ਪ੍ਰਬੰਧ ਹੇਠ ਉੱਭਰ ਰਹੇ ਨਵੇਂ ਪ੍ਰਬੰਧਾਂ

ਨੂੰ ਪ੍ਰਤਿਕੂਲ ਰੱਖ ਕੇ ਮਨੁੱਖੀ ਸਾਂਝੀਵਾਲਤਾ ਦੇ ਸੰਘਣੇ ਫੰਧੇ ਰਾਹੀਂ ਪੇਸ਼ ਕਰਨਾ ਹੈ। ਅਸਲ ਵਿਚ ਨਾਵਲਕਾਰ ਕਸ਼ਮੀਰ ਦੀ ਬਿਰਤਾਂਤਕ ਸੰਰਚਨਾ ਨੂੰ ਉੱਥੋਂ ਦੀ ਕਲਾ, ਸੰਗੀਤ ਅਤੇ ਸੂਫ਼ੀ ਇਸ਼ਕ ਨੂੰ ਮੱਧ ਵਿਚ ਰੱਖ ਕੇ ਉਸ ਦੁਆਲੇ ਉਸਰੀ ਹਿੰਸਾ ਅਤੇ ਉਦਾਸੀ ਨੂੰ ਪੇਸ਼ ਕਰਨ ਦੀ ਕੋਸ਼ਿਸ਼ ਕਰਦੀ ਹੈ। ਮਨੁੱਖੀ ਰਿਸ਼ਤੇ, ਇਸ਼ਕ ਅਤੇ ਸੰਵੇਦਨਾ ਦੇ ਬੁਨਿਆਦੀ ਧਾਰਮਿਕ ਸੰਪਰਦਾਇਕਤਾ ਅਤੇ ਸਰਮਾਏਦਾਰੀ ਦੀ ਲਪੇਟ ਵਿਚ ਗਰਕ ਹੁੰਦੀ ਸੰਵੇਦਨਸ਼ੀਲ ਲੋਕਾਂ ਦੇ ਜ਼ਖਮਾਂ ਤੇ ਮੱਲ੍ਹਮ ਧਰਦੀ ਹੈ। ਕਸ਼ਮੀਰ ਵਿਚ 1990 ਵਿਆਂ ਤੋਂ ਬਾਅਦ ਉੱਠੀ ਧਾਰਮਿਕ ਕੱਟੜ ਵਹਾਬੀ ਸੋਚ ਭਾਰੂ ਹੋਣ ਲੱਗਦੀ ਹੈ। ਜਦਕਿ ਆਜ਼ਾਦ ਕਸ਼ਮੀਰ ਲਈ ਸੰਘਰਸ਼ ਕਾਫੀ ਸਮੇਂ ਤੋਂ ਚੱਲਦਾ ਆ ਰਿਹਾ ਹੈ। ਪਰੰਤੂ ਨਾਵਲਕਾਰ ਨੱਬਵਿਆਂ ਤੋਂ ਬਾਅਦ ਉੱਭਰਦੀ ਧਾਰਮਿਕ ਫਿਰਕਾਪ੍ਰਸਤੀ ਜਾਂ ਜਿਹਾਦੀ ਵਿਚਾਰਧਾਰਾ ਤੇ ਤਵੱਜੋ ਕਰਦੀ ਹੈ। ਨਾਵਲਕਾਰ ਦਾ ਰੁਝਾਨ ਭਾਰਤ ਸਰਕਾਰ ਅਤੇ ਕਸ਼ਮੀਰੀ ਮਿਲਿਟੈਂਸੀ ਹਿੰਸਾ ਦੇ ਵਿਰੋਧ ਨੂੰ ਖ਼ਤਮ ਕਰਨ ਦੀ ਥਾਂ ਉਸ ਹਨੇਰੀ ਵਿਚ ਮਰ ਰਹੀ ਆਮ ਲੋਕਾਈ ਦੇ ਮਾਨਸਿਕ ਦਰਦਾਂ ਨੂੰ ਪੇਸ਼ ਕਰਨਾ ਹੈ। ਕਸ਼ਮੀਰ ਨੂੰ ਇਕ ਪਾਠ ਦੀ ਸੰਰਚਨਾ ਵਿਚ ਸਮਝਣ ਦੀ ਕੋਸ਼ਿਸ਼ ਕਰੀਏ ਤਾਂ ਇਸ ਨੂੰ ਕਈਂ ਪੱਖਾਂ ਤੋਂ ਸੱਤਾ ਨੇ ਅੰਦਰੂਨੀ ਅਤੇ ਬਾਹਰੀ ਕਾਰਨਾਂ ਨੇ ਪ੍ਰਭਾਵਿਤ ਕੀਤਾ ਹੈ।

ਵਿਸ਼ਵੀਕਰਨ ਦੇ ਦੌਰ ਵਿਚ ਨਵ-ਉਦਾਰਵਾਦੀ ਨੀਤੀਆਂ ਦੌਰਾਨ ਕਾਰੀਗਰਾਂ ਨੂੰ ਦਰਪੇਸ਼ ਚੁਣੌਤੀਆਂ-ਕਲਾਤਮਿਕ ਪੱਖ ਤੋਂ ਨਾਵਲ ਵਿਚੋਂ ਦਾਰਸ਼ਨਿਕ ਧਾਰ ਝਲਕਦੀ ਨਜ਼ਰ ਆਉਂਦੀ ਹੈ। ਜਿੱਥੇ ਜ਼ਿੰਦਗੀ ਅਤੇ ਮੌਤ ਇਕ ਰਹੱਸ ਬਣ ਕੇ ਪੇਸ਼ ਹੋਏ ਹਨ। ਦੂਜੇ ਪਾਸੇ ਇਹ ਕੇਵਲ ਕਢਾਈ ਤਕ ਹੀ ਸੀਮਤ ਨਹੀਂ ਇਹ ਕਸ਼ਮੀਰੀ ਸੂਫ਼ੀ ਪਰੰਪਰਾ ਵਿਚ ਉਪਜੀ ਦਾਰਸ਼ਨਿਕ, ਕਿਰਤੀਆਂ ਕਲਾਕਾਰਾਂ ਦੇ ਅਨੇਕਾਂ ਰੰਗਾਂ ਨੂੰ ਪੇਸ਼ ਕਰਦੀ ਹੈ। ਕਲਾਕਾਰ ਆਪਣੀ ਸਿਰਜਣਾ ਦੇ ਰਾਹੀਂ ਆਪਣੇ ਆਪੇ ਅਤੇ ਕਲਾ ਨਾਲ ਇਕਜੁਟ ਹੋ ਕੇ ਰੂਹਾਨੀਅਤ ਨੂੰ ਪ੍ਰਗਟ ਕਰਦੇ ਹਨ। ਜਿਸ ਵਿਚ ਇਸ਼ਕ ਨੂੰ ਵਿਸ਼ੇਸ਼ ਥਾਂ ਦਿੱਤੀ ਗਈ ਹੈ ਅਤੇ ਇਹ ਹੀ ਅਕਬਰ ਅਲੀ ਦੁਆਰਾ ਕਮਾਇਆ ਵਿਰਸਾ ਹੈ ਜੋ ਉਹ ਮੁਸਤਫ਼ੇ ਨੂੰ ਸੌਂਪਦਾ ਹੈ। ਇਸ ਨਾਵਲ ਵਿਚ ਇਸ਼ਕ ਰੂਹਾਨੀਅਤ ਦੀਆਂ ਤੰਦਾਂ ਪੂਰਵਲੇ ਸੂਫ਼ੀ ਵਿਚਾਰਧਾਰਾ ਦੇ ਨਾਲ ਜੁੜਦੀਆਂ ਨਜ਼ਰ ਆਉਂਦੀਆਂ ਹਨ। ਜਿਵੇਂ ਅਸੀਂ ਉਪਰ ਵੀ ਗੱਲ ਕੀਤੀ ਹੈ ਕਿ ਇੱਥੇ ਕਿਸੇ ਕਿਰਤੀ ਦਾ ਆਪਣੀ ਵਸਤੂ ਨਾਲ ਉਸ ਦਾ ਅਲਗਾਵ ਬਿਲਕੁੱਲ ਨਹੀਂ ਹੈ, ਜਿਸ ਤਰਾਂ ਦਾ ਪੂੰਜੀਵਾਦ/ਮੁਨਾਫ਼ੇ ਵਿਚੋਂ ਹੁੰਦਾ ਹੈ। ਇਸ ਕਰਕੇ ਅਕਬਰ ਅਲੀ ਦੀ ਹਸਤਕਲਾ ਵਿਚੋਂ ਸੂਫ਼ੀ ਇਸ਼ਕ ਦਾ ਅਕਸ ਨਜ਼ਰ ਆਉਂਦਾ ਹੈ। ਮਨੁੱਖੀ ਕਲਾਤਮਿਕ ਕਦਰਾਂ ਦੇ ਵਿਚ ਸਹਿਜਤਾ, ਮੁਸ਼ਕੱਤ ਅਤੇ ਲਗਨ ਦੇ ਖਾਸ ਜ਼ਰੂਰਤ ਹੁੰਦੀ ਹੈ। ਇਹ ਸਭ ਕੁਝ ਅਕਬਰ ਅਲੀ ਦੇ ਚਰਿੱਤਰ, ਸੁਭਾਅ ਅਕਸ ਵਿਚ ਸੂਫ਼ੀ ਰੰਗ ਦਿਖਦਾ ਹੈ। ਅਕਬਰ ਅਲੀ ਅਜੇ ਇਸ ਉੱਭਰ ਰਹੇ ਪੂੰਜੀਵਾਦ ਬਜ਼ਾਰ ਦੇ ਨੈਤਿਕ ਮੁਲਾਂ ਅਤੇ ਚਕਾਚੌਂਧ ਤੋਂ ਬਹੁਤ ਦੂਰ ਹੈ। ਹਲੇ ਕਿਰਤ ਅਤੇ ਕਿਰਤੀ ਦਾ ਆਪਸ ਵਿਚ ਇਕਜੁਟਤਾ ਦਾ ਸਬੰਧ ਹੈ। ਇਸ ਪੂੰਜੀਵਾਦੀ ਬਜ਼ਾਰੀ ਵਿਵਸਥਾ ਵਿਚ ਕੋਈ ਰਿਸ਼ਤਾ ਨਾਤੇ, ਪਿਆਰ, ਅਲਗਾਵ, ਆਪਣਾਪਣ ਸਭ ਪਿੱਛੇ ਰਹਿ ਜਾਂਦੇ ਹਨ।

ਇੱਥੇ ਅਕਬਰ ਅਲੀ ਦੇ ਰਾਹੀਂ ਬਿਰਤਾਂਤਕਾਰ ਕਸ਼ਮੀਰ ਅੰਦਰ ਪਣਪੀ ਸੂਫ਼ੀ ਪਰੰਪਰਾ ਨੂੰ ਲੋਕ-ਬੋਧ ਅੰਦਰ ਸਮਾਈ ਗ਼ੈਰ-ਫਿਰਕੂ ਦਰਸ਼ਨ ਨੂੰ ਕਲਾਵੇ ਵਿਚ ਲਿਆਉਂਦਾ ਹੈ। ਇੱਥੇ ਹੀ ਅਕਬਰ ਅਲੀ ਦੁਆਰਾ ਅਜਿਹੀਆਂ ਵਲਗਣਾਂ ਨੂੰ ਨਕਾਰਿਆ ਤੇ ਤੋੜਿਆ ਜਾਂਦਾ ਹੈ। ਭਾਰਤੀ ਰਾਸ਼ਟਰ ਜਾਂ ਸੱਤਾਧਾਰੀ ਧਿਰ ਹਮੇਸ਼ਾ ਹੀ ਰਾਸ਼ਟਰਾਂ, ਧਰਮਾਂ ਅਤੇ ਕੌਮਾਂ ਦੀਆਂ ਪਛਾਣਾਂ ਨੂੰ ਘਟਾਉਣ ਦੀਆਂ ਕੋਸ਼ਿਸ਼ਾਂ ਕਰਦੀ ਰਹੀ ਹੈ। ‘ਚਸ਼ਮਿ ਬੁਲਬੁਲ’ ਵਿਚ ਕਿਰਤੀਆਂ ਦੀ ਕਿਰਤ, ਗ਼ੈਰ ਫ਼ਿਰਕੂ, ਇਸ਼ਕ ਆਦਿ ਦੀ ਸਾਂਝ ਨੂੰ ਘੁਣ ਲੱਗਣ ਲੱਗ ਜਾਂਦਾ ਹੈ। ਇਸ ਸੰਗਠਿਤ ਰਾਜਾਂ, ਧਰਮਾਂ ਅਤੇ ਸਰਮਾਏ ਹੇਠ ਉਪਜਦੀ ਲੋਕਾਈ ਵਿਚ ਅਸ਼ਾਂਤੀ ਪੈਦਾ ਹੋਣੀ ਸ਼ੁਰੂ ਹੋ ਜਾਂਦੀ ਹੈ। ਇਸ ਵਿਚੋਂ ਪੈਦਾ ਹੋਈ ਧਾਰਮਿਕ ਕੱਟੜਤਾ, ਸਰਮਾਏ ਸਨਅਤੀ ਦੀਆਂ ਨਵੀਆਂ ਨੀਤੀਆਂ ਰਾਹੀਂ ਕਾਨੀਸ਼ਾਲ ਦੇ ਕਾਰੀਗਰਾਂ ਦੀ ਤਕਦੀਰ ਨੂੰ ਪਰਿਵਾਰਿਕ ਕਥਾ ਦੇ ਰਾਹੀਂ ਚਿਤਰਿਆ ਗਿਆ ਹੈ। ਦੂਜੇ ਪਾਸੇ ਅਕਬਰ ਅਲੀ ਦੇ ਫ਼ੌਤ ਹੋਣ ਤੋਂ ਬਾਅਦ ਸਮਾਂ ਬਹੁਤ ਬਦਲ ਗਿਆ ਸੀ। ਨੱਬਵਿਆਂ ਦੇ ਦੌਰ ਤਕ ਨਵੀਂਆ ਉਦਾਰੂ ਆਰਥਿਕ ਨੀਤੀਆਂ ਦਾ ਕਿਰਤੀਆਂ ਦੇ ਪ੍ਰਤੀ ਸ਼ੋਸ਼ਣ ਬਹੁਤ ਵੱਧ ਹੋ ਗਿਆ ਸੀ। ਸਰਮਾਏਦਾਰੀ ਦੇ ਖੁੱਲੇ ਬਜ਼ਾਰ ਵਿਚ ਸਭਿਆਚਾਰ ਅਤੇ ਕਲਾ ਵੀ ਵਿਭਾਜਿਤ ਨਹੀਂ ਰਹੇ। ਮੰਡੀ ਦੇ ਲਈ ਸਰਵਉੱਚ ਮੁਨਾਫ਼ਾ ਹੈ। ਇਸ ਸਭ ਦਾ ਕਾਨੀਸ਼ਾਲ ਦੇ ਕਾਰੀਗਰਾਂ ’ਤੇ ਮਾੜਾ ਪ੍ਰਭਾਵ ਪੈਂਦਾ ਹੈ ਜਿਸ ਦੀ ਮੁਸਤਫ਼ੇ ਨੂੰ ਬਹੁਤ ਚਿੰਤਾ ਹੈ।

ਜੇਕਰ ਨਾਵਲ ਦੇ ਸੰਦਰਭ ਵਿਚ ਇਸ ਨੂੰ ਜਾਣਨਾ ਹੋਵੇ ਤਾਂ ਅਸੱਵਿਆਂ ਤੇ ਨੱਬਵਿਆਂ ਤਕ ਵੀ ਉੱਥੇ ਉਹੀ ਸਬੰਧ ਜਿੰਦਾ ਰਹਿੰਦੇ ਹਨ। ਜਿਸ ਵਿਚ ਭਾਰਤੀ ਰਾਸ਼ਟਰ ਅਤੇ ਮਿਲਿਟੈਂਸੀ ਦੇ ਲੰਬੇ ਦਬੰਧ ਤੋਂ ਬਾਅਦ ਸ਼ੋਸ਼ਣ, ਸਦਮੇ, ਦੁੱਖ, ਪੀੜਾਂ ਆਦਿ ਸਭ ਉੱਥੋਂ ਦੀਆਂ ਔਰਤਾਂ ਨੂੰ ਭੁਗਤਣਾ ਪੈਂਦਾ ਹੈ। ਜਿਵੇਂ ਨਾਵਲ ਵਿਚ ਪਾਸ਼ਾ,


www.sanvad.org
ISSN : 2395-1273

ਪੋਸ਼ਮਾਲ, ਆਦਿ ਕਹਿ ਸਕਦੇ ਹਾਂ ਕਿ ਅਕਬਰ ਅਲੀ ਦਾ ਸਾਰਾ ਪਰਿਵਾਰ ਇਸ ਦੁੱਖ ਨੂੰ ਭੋਗਦਾ ਨਜ਼ਰ ਆਉਂਦਾ ਹੈ। ਜੇਕਰ ਧਾਰਮਿਕ ਪੱਖੋਂ ਵੇਖਿਆ ਜਾਵੇ ਤਾਂ ਕਸ਼ਮੀਰ ਅੰਦਰ ਮੁਸਲਿਮ ਬਹੁਗਿਣਤੀ, ਸਿੱਖ ਅਤੇ ਕਸ਼ਮੀਰੀ ਪੰਡਿਤ ਘੱਟ ਗਿਣਤੀ ਵਿਚ ਮੌਜੂਦ ਹਨ ਅਤੇ ਇਸ ਤਰ੍ਹਾਂ ਹਰ ਇਕ ਧਰਮ ਵਿਚ ਵਰਗ ਦੇ ਅਨੁਸਾਰ ਆਰਥਿਕ ਪੱਖੋਂ ਕਿਰਤੀ, ਦਸਤਕਾਰੀ, ਖੇਤ ਮਜ਼ਦੂਰ ਆਦਿ ਵੱਖੋ ਵੱਖਰੀਆਂ ਧਿਰਾਂ ਮੌਜੂਦ ਹਨ। ਉਹ ਆਪਣੇ ਹੀ ਰਾਜ ਵਿਚ ਆਪਣੇ ਆਪ ਨੂੰ ਬਾਹਰੀ, ਦੂਜੈਲਾ ਕਮਜ਼ੋਰ ਅਤੇ ਅਧੀਨ ਮਹਿਸੂਸ ਕਰਨ ਲੱਗ ਜਾਂਦੇ ਹਨ। ਉਸ ਖਿੱਤੇ ਵਿਚ ਉਨ੍ਹਾਂ ਦੀ ਸਿਆਸੀ ਨੁਮਾਇੰਦਗੀ ਹੌਲੀ-ਹੌਲੀ ਖ਼ਤਮ ਹੋਣ ਲਗਦੀ ਹੈ। ਪਰੰਤੂ ਇਹ ਨਾਵਲ ਧਾਰਮਕ ਨਿਵਕਲੇ ਕੌਮ ਦੇ ਪ੍ਰਵਚਨ ਨੂੰ ਸੂਫ਼ੀ ਰੰਗਤ ਦੇ ਰਾਹੀਂ ਤੋੜਦਾ ਹੈ। ਜਿੱਥੇ ਕਸ਼ਮੀਰ ਤੇ ਕਸ਼ਮੀਰੀਅਤ ਦੀ ਪਛਾਣ ਧਰਮ ਅਤੇ ਰਾਸ਼ਟਰਾਂ ਦੀ ਸਥਾਪਨਾ ਤੋਂ ਪਾਰ ਜਾ ਕੇ ਲੱਭਣ ਦੀ ਕੋਸ਼ਿਸ਼ ਕੀਤੀ ਗਈ ਹੈ। ਜਦਕਿ ਕਸ਼ਮੀਰ ਨਿਰੰਤਰ ਕਤਲੋਗਾਰਤ, ਦਮਨ ਅਤੇ ਹਿੰਸਾ ਦੀ ਮਾਰ ਝੱਲਦਾ ਆਇਆ ਹੈ। ਇਸ ਦਮਨ ਅਤੇ ਹਿੰਸਾ ਨੂੰ ਲੋਕਾਈ ਦੀਆਂ ਕਈਂ ਪੀੜ੍ਹੀਆਂ ਨੇ ਪਿੰਡੇ ’ਤੇ ਹੰਢਾਇਆ ਹੈ।

ਨਾਵਲਕਾਰ ਮਨਬਚਨੀ ਦੀ ਜੁਗਤ ਰਾਹੀਂ ਘਟਨਾਵਾਂ ਦਾ ਜ਼ਿਕਰ ਕਰਦਾ ਜ਼ਰੂਰ ਹੈ। ਕਿ ਪਿਛਲੇ ਸਮਿਆਂ ਵਿਚ ਇਹ ਘਟਨਾਵਾਂ ਵਾਪਰੀਆਂ, ਪਰੰਤੂ ਉਹਨਾਂ ਦਾ ਜ਼ਿਕਰ ਨਹੀਂ ਕਰਦਾ। ਸ਼ਾਇਦ ਉਹ ਇਸ ਕਰਕੇ ਕਿ ਸਭ ਸਿੱਖਾਂ ਨਾਲ ਅਜਿਹਾ ਹੀ ਵਾਪਰ ਰਿਹਾ ਸੀ। ਸਭ ਦੁੱਖਾਂ, ਸਦਮਿਆਂ ਦੇ ਮਾਰੇ ਹੋਏ ਸਨ। ਖਾਨ ਸੁਲਤਾਨ, ਮੌਲਵੀ, ਅਲੀਆ ਨਾਈ ਆਦਿ ਪਾਤਰਾਂ ਨੂੰ ਖਲਨਾਇਕ ਦੇ ਤੌਰ ਤੇ ਸਿਰਜਿਆ ਗਿਆ ਹੈ। ਇਹ ਸਭ ਪਾਤਰ ਸਿੱਖਾਂ ਦੇ ਵਿਰੁੱਧ ਤੇ ਸਰਮਾਏਦਾਰਾਂ ਦੇ ਹੇਠ ਕੰਮ ਕਰਦੇ ਸਨ। ਮੌਲਵੀ ਤੇ ਅਲੀਆ ਨਾਈ ਨੂੰ ਇਹ ਲੱਗਦਾ ਸੀ ਕਿ ਜਿਨ੍ਹਾਂ ਸਿੱਖਾਂ ਨੇ ਕਾਫ਼ਰਾਂ ਨੂੰ ਆਪਣੇ ਘਰਾਂ ਵਿਚ ਪਨਾਹ ਦਿੱਤੀ ਹੈ। ਉਹ ਸਾਡੇ ਤੋਂ ਬਚ ਨਹੀਂ ਸਕਦੇ। ਡੋਗਰੀ ਅਤੇ ਪੰਜਾਬੀ ਦਾ ਮਿਸ਼ਰਨ ਹੈ। ਬਿਰਤਾਂਤਕਾਰ ਕਸ਼ਮੀਰ ਵਿਚ ਵਾਦੀ ਵਿਚ ਵਸਦੇ ਸਿੱਖ ਭਾਈਚਾਰੇ ਸਮਾਜਕ ਸਭਿਆਚਾਰ ਰਾਹੀਂ ਆਮ ਲੋਕਾਂ ਦੇ ਦੁੱਖਾਂ, ਪੀੜਾਂ ਨੂੰ ਚਿਤਰਦਾ ਹੈ। ਦੂਜੀ ਗੱਲ ਨਾਵਲ ਵਿਚ ਇਹ ਹੈ ਕਿ ਇਸ ਵਿਚ ਦੋ ਹੀ ਧਿਰਾਂ ਹਨ ਅਤੇ ਇਕ ਧਿਰ ਦੁਆਰਾ ਹੀ ਸਿੱਖਾਂ ਤੇ ਹਿੰਸਕ ਅੱਤਿਆਚਾਰ ਹੋ ਰਹੇ ਹਨ। ਨਾਵਲ ਵਿਚ ਸਭ ਪਾਤਰਾਂ ਦੇ ਨਾਲ ਕੁਝ ਨਾ ਕੁਝ ਵਾਪਰਿਆ ਹੁੰਦਾ ਹੈ। ਉਨ੍ਹਾਂ ਵਿਚ ਇਕ ਦੂਜੇ ਲਈ ਹਮਦਰਦੀ ਵੀ ਹੈ ਅਤੇ ਇਕ ਦੂਜੇ ਨਾਲ ਵੈਰ ਵਿਰੋਧ ਹੈ। ਵਿਰੋਧ ਇਸ ਕਰਕੇ ਕਿ ਕੁਝ ਸਿੱਖ ਲੋਕ ਉਨ੍ਹਾਂ ਕਾਫਰਾ ਨਾਲ ਮਿਲ ਕੇ ਆਪਣਿਆਂ ਦਾ ਹੀ ਘਾਣ ਕਰ ਰਹੇ ਸਨ। ਇਸ ਤਰ੍ਹਾਂ ਫਿਰਕੂ ਫਸਾਦਾਂ ਦੀ ਅਜਿਹੀ ਹਨੇਰੀ ਚੱਲ ਰਹੀ ਸੀ ਕਿਸੇ ਨੂੰ ਕੁਝ ਸੁੱਝ ਨਹੀਂ ਸੀ ਰਿਹਾ। ਮੁਸਲਮਾਨਾਂ ਦੁਆਰਾ ਸਿੱਖ ਧੀਆਂ ਨੂੰ ਚੁੱਕ ਉਨ੍ਹਾਂ ਨਾਲ ਜ਼ਬਰ ਜਨਾਹ ਕੀਤਾ ਜਾਂਦਾ ਸੀ ਅਤੇ ਮਰਦਾਂ ਦੇ ਕੇਸਾਂ ਨੂੰ ਕੱਟ ਦਿੱਤਾ ਜਾਂਦਾ ਸੀ। ਅਜਿਹੀਆਂ ਘਟਨਾਵਾਂ ਤੋਂ ਬਚਣ ਦੇ ਲਈ ਗੁਰਬਖਸ਼ ਸਿੰਘ ਵਰਗੇ ਸਿੱਖ ਨੇ ਆਪਣੀ ਵੱਡੀ ਤਲਵਾਰ ਦੇ ਆਪਣਾ ਸਾਰਾ ਪਰਿਵਾਰ ਮੁੱਕਾ ਛੱਡਿਆ। ਬਚਾਅ ਦੇ ਅਜਿਹਾ ਉਸ ਸਮੇਂ ਬਹੁਤ ਸਾਰੇ ਸਿੱਖ ਪਰਿਵਾਰਾਂ ਨੇ ਕੀਤਾ। ਅਜਿਹੀ ਮਨੁੱਖੀ ਸਾਂਝ, ਸੰਵੇਦਨਾ ਅਤੇ ਇਸ਼ਕ ਦੇ ਮੁੱਲ ਧਾਰਮਿਕ ਫ਼ਿਰਕਾਪ੍ਰਸਤੀ ਦੀ ਵਰਦੀ ਲਾਟ ਵਿਚ ਸੰਵੇਦਨਸ਼ੀਲ ਮਾਨਵੀ ਜ਼ਖ਼ਮਾਂ ’ਤੇ ਮੱਲ੍ਹਮ ਧਰਦੀ ਹੈ। ਇੱਥੇ ਕਸ਼ਮੀਰ ਦੀ ਰਹਿਤਲ ਅਤੇ ਕਸ਼ਮੀਰੀਅਤ ਦਾ ਜਿਹੜਾ ਸਵਾਲ ਬਿਰਤਾਂਤਕਾਰ ਉਠਾਉਂਦਾ ਹੈ। ਉਸ ਨੂੰ ਕਸ਼ਮੀਰੀਅਤ ਦੇ ਆਧੁਨਿਕ ਸੰਦਰਭ ਦੇ ਇਕਾਂਤ ਵਿਚ ਰੱਖ ਕੇ ਸਮਝਿਆ ਜਾ ਸਕਦਾ ਹੈ। ਇਸ ਤਰਾਂ ‘ਸੂਰਾ’ ਇਕ ਅਜਿਹੇ ਸੂਰਮੇ ਦੀ ਕਥਾ ਹੋ ਕੇ ਉੱਭਰਦੀ ਹੈ ਜਿਹੜਾ ਹਥਿਆਰਾਂ ਤੋਂ ਬਿਨਾਂ ਆਪਣੇ ਸੋਚਾਂ, ਵਿਚਾਰਾਂ ਕਾਰਨ ਸੂਰਾ ਹੈ।

## ਹਵਾਲੇ ਤੇ ਟਿਪਣੀਆਂ


1. Chitralekha Zutshi - **Language of Belonging**, Wiley Publishers, 2003, Page-120
2. Khushwant Singh -**Flames of Chinar: Sheikh Abdullah** - Penguin Random House India, Delhi-1993, Page no-21
3. Balraj Puri- **Kashmir Insurgency and after**- Page-42
4. Sumantra Bose - **Kashmir at the Crossroads: inside a 21 centaury Conflict**- page-113.
5. P.N.K. Bamzai - **A History of Kashmir** - Gulshan Books, Page-114.
6. ਡਾ. ਗੁਰਮੁਖ ਸਿੰਘ (ਸੰਪਾ) – **ਸ਼ਿਕਾਰਗਾਹ ਸਾਂਝੇ ਸਦਮਿਆਂ ਦਾ ਬਿਰਤਾਂਤ** – ਚੇਤਨਾ ਪ੍ਰਕਾਸ਼ਨ, ਲੁਧਿਆਣਾ – 2012, ਪੰਨਾ – 41.
7. **ਉਹੀ**, ਪੰਨਾ 9.